ਹਿੰਦੋਸਤਾਨੀ ਰਾਜ ਅਤੇ ਇਨਕਲਾਬ ਬਾਰੇ
ਨਵੰਬਰ 2002 ਨੂੰ ਹੋਈ ਕਾਨਫਰੰਸ ਵਿਚ
ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੇ
ਜਨਰਲ ਸਕੱਤਰ,
ਕਾਮਰੇਡ ਲਾਲ ਸਿੰਘ ਦੁਆਰਾ ਪੇਸ਼ ਕੀਤਾ ਗਿਆ
ਮੁੱਖ ਭਾਸ਼ਣ

# ਪੂੰਜੀਵਾਦ ਦਾ ਸੰਕਟ ਅਤੇ ਹਿੰਦੋਸਤਾਨੀ ਰਾਜ ਦਾ ਖ਼ਤਰਨਾਕ ਰੁਖ ਇਹ ਦਿਖਾਉਂਦਾ ਹੈ ਕਿ ਕਮਿਊਨਿਸਟਾਂ ਵੱਲੋਂ ਇਨਕਲਾਬ ਦੀ ਤਿਆਰੀ ਕਰਨਾ ਨਿਹਾਇਤ ਲਾਜ਼ਮੀ ਹੈ

# ਪੂੰਜੀਵਾਦ ਦਾ ਸੰਕਟ ਅਤੇ ਹਿੰਦੋਸਤਾਨੀ ਰਾਜ ਦਾ ਖ਼ਤਰਨਾਕ ਰੁਖ ਇਹ ਦਿਖਾਉਂਦਾ ਹੈ ਕਿ ਕਮਿਊਨਿਸਟਾਂ ਵੱਲੋਂ ਇਨਕਲਾਬ ਦੀ ਤਿਆਰੀ ਕਰਨਾ ਨਿਹਾਇਤ ਲਾਜ਼ਮੀ ਹੈ

ਹਿੰਦੋਸਤਾਨੀ ਰਾਜ ਅਤੇ ਇਨਕਲਾਬ ਬਾਰੇ ਨਵੰਬਰ 2002 ਨੂੰ ਹੋਈ ਕਾਨਫਰੰਸ ਵਿਚ ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੇ ਜਨਰਲ ਸਕੱਤਰ, ਕਾਮਰੇਡ ਲਾਲ ਸਿੰਘ ਦੁਆਰਾ ਪੇਸ਼ ਕੀਤਾ ਗਿਆ ਮੁੱਖ ਭਾਸ਼ਣ

ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ

ਨਵੀਂ ਦਿੱਲੀ, ਅਪ੍ਰੈਲ 2003

ਪਹਿਲੀ ਵਾਰ :        ਅਪ੍ਰੈਲ 2003

ਪ੍ਰਕਾਸ਼ਕ ਦੀ ਮਨਜ਼ੂਰੀ ਨਾਲ ਅਤੇ ਸਰੋਤ ਦਾ ਸਹੀ-ਸਹੀ ਹਵਾਲਾ ਦੇ ਕੇ ਇਸ ਦਸਤਾਵੇਜ਼ ਦਾ ਕੋਈ ਵੀ ਹਿੱਸਾ ਅਨੁਵਾਦ ਕੀਤਾ ਜਾ ਸਕਦਾ ਹੈ ਜਾਂ ਦੁਬਾਰਾ ਛਾਪਿਆ ਜਾ ਸਕਦਾ ਹੈ।

ਮੁੱਲ : 25 ਰੁਪਏ

**ਪ੍ਰਕਾਸ਼ਕ :**
ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ,
E-392, ਸੰਜੇ ਕਾਲੋਨੀ, ਓਖਲਾ ਫੇਜ਼-II
ਨਵੀਂ ਦਿੱਲੀ 110020

**ਵਿਤਰਕ :**
ਲੋਕ ਆਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼,
E-392, ਸੰਜੇ ਕਾਲੋਨੀ, ਓਖਲਾ ਫੇਜ਼-II
ਨਵੀਂ ਦਿੱਲੀ 110020

# ਮੁੱਖ ਬੰਦ

*"ਪੂੰਜੀਵਾਦ ਦਾ ਸੰਕਟ ਅਤੇ ਹਿੰਦੋਸਤਾਨੀ ਰਾਜ ਦਾ ਖਤਰਨਾਕ ਰੁਖ ਇਹ ਦਿਖਾਉਂਦਾ ਹੈ ਕਿ ਕਮਿਊਨਿਸਟਾਂ ਵਲੋਂ ਇਨਕਲਾਬ ਦੀ ਤਿਆਰੀ ਕਰਨਾ ਨਹਾਇਤ ਲਾਜ਼ਮੀ ਹੈ।" ਇਹ ਭਾਸ਼ਣ ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਲਾਲ ਸਿੰਘ ਨੇ ਪਾਰਟੀ ਦੀ ਕੇਂਦਰੀ ਕਮੇਟੀ ਵਲੋਂ, ਨਵੰਬਰ 2002 ਵਿੱਚ ਹੋਈ ਹਿੰਦੋਸਤਾਨੀ ਕਮਿਊਨਿਸਟਾਂ ਦੀ ਕਾਨਫਰੰਸ ਵਿੱਚ ਪੇਸ਼ ਕੀਤਾ ਸੀ। ਹਿੰਦੋਸਤਾਨੀ ਰਾਜ ਅਤੇ ਇਨਕਲਾਬ ਨਾਲ ਸੰਬੰਧਿਤ ਮੁੱਦਿਆਂ ਤੇ ਚਰਚਾ ਕਰਨ ਲਈ ਬੁਲਾਈ ਗਈ ਇਸ ਕਾਨਫਰੰਸ ਦਾ ਆਯੋਜਨ, ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼ ਨੇ ਕੀਤਾ ਸੀ। 'ਮਜ਼ਦੂਰ ਏਕਤਾ ਲਹਿਰ' ਅਤੇ 'ਪੀਪਲਜ਼ ਵਾਇਸ' ਦੇ ਪਾਠਕਾਂ, ਲੇਖਕਾਂ ਅਤੇ ਵਿਤਰਕਾਂ ਨੂੰ ਸਿਧਾਂਤਕ ਅਤੇ ਵਿਚਾਰਧਾਰਕ ਤੌਰ ਤੇ ਲੈਸ ਕਰਨਾ, ਇਸ ਕਾਨਫਰੰਸ ਦਾ ਮੁੱਖ ਮਕਸਦ ਸੀ।*

*ਭਾਸ਼ਣ ਤੋਂ ਬਾਅਦ ਤਿੰਨ ਦਿਨ ਚਰਚਾ ਅਤੇ ਵਿਚਾਰ-ਵਟਾਂਦਰਾ ਹੋਇਆ, ਜਿਸ ਵਿੱਚ ਅਲੱਗ-ਅਲੱਗ ਪਾਰਟੀਆਂ ਅਤੇ ਸੰਗਠਨਾਂ ਨਾਲ ਜੁੜੇ ਕਮਿਊਨਿਸਟ ਕਾਰਕੁੰਨਾਂ ਨੇ ਹਿੱਸਾ ਲਿਆ। ਕਾਨਫਰੰਸ ਦੇ ਅਖੀਰ ਵਿੱਚ ਉਸ 'ਚ ਹਿੱਸਾ ਲੈਣ ਵਾਲਿਆਂ ਨੇ ਇਹ ਫੈਸਲਾ ਕੀਤਾ ਕਿ ਕਮਿਊਨਿਸਟ ਅੰਦੋਲਨ ਅੰਦਰ ਸਿਧਾਂਤਕ ਅਤੇ ਵਿਚਾਰਧਾਰਕ ਸਵਾਲਾਂ ਉਤੇ ਚਰਚਾ ਨੂੰ ਜਾਰੀ ਰੱਖਿਆ ਜਾਵੇਗਾ ਅਤੇ ਇਸਨੂੰ ਹੋਰ ਗਹਿਰਾਈ ਤਕ ਲਿਜਾਇਆ ਜਾਏਗਾ। ਨਾਲ ਹੀ ਨਾਲ, ਮਜ਼ਦੂਰ ਜਮਾਤ ਦੀ ਰਾਜਨੀਤਕ ਏਕਤਾ ਦੀ ਫੌਰੀ ਸਮੱਸਿਆ ਨੂੰ ਹੱਲ ਕਰਨ ਲਈ, ਆਪਿਸ-ਵਿੱਚ ਏਕਤਾ ਮਜ਼ਬੂਤ ਕੀਤੀ ਜਾਵੇਗੀ। ਇਸ ਦੇ ਨਾਲ-*

*ਨਾਲ, ਕਮਿਊਨਿਸਟ ਅੰਦੋਲਨ ਦੇ ਅੰਦਰ ਜੋ ਖਤਰਨਾਕ ਧਾਰਾ ਹੈ, ਯਾਨੀਕਿ "ਘੱਟ ਬੁਰੇ" ਦੇ ਪਿੱਛੇ ਅਤੇ ਹਿੰਦੋਸਤਾਨੀ ਰਾਜ ਦੀਆਂ "ਧਰਮ ਨਿਰਪੱਖ ਨੀਹਾਂ" ਦੀ ਹਿਫ਼ਾਜ਼ਤ ਲਈ ਮਜ਼ਦੂਰਾਂ–ਕਿਸਾਨਾਂ ਨੂੰ ਲਾਮਬੰਦ ਕਰਨ ਦੀ ਧਾਰਾ, ਉਸਦੇ ਖਿਲਾਫ ਸੰਘਰਸ਼ ਨੂੰ ਤੇਜ਼ ਕਰਨ ਦਾ ਭੀ ਫੈਸਲਾ ਕੀਤਾ ਗਿਆ।*

*ਇਸ ਭਾਸ਼ਣ ਦਾ ਸੰਪਾਦਿਤ ਰੂਪ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ, ਤਾਂ ਕਿ ਸਭ ਹਿੰਦੋਸਤਾਨੀ ਕਮਿਊਨਿਸਟ ਇਸ ਉੱਤੇ ਚਰਚਾ ਕਰ ਸਕਣ। ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਆਪਣੇ ਸਭ ਮੈਂਬਰਾਂ ਅਤੇ ਸਮਰਥਕਾਂ ਨੂੰ ਸੱਦਾ ਦਿੰਦੀ ਹੈ ਕਿ ਉਹ ਇਸ ਪ੍ਰਕਾਸ਼ਨ ਵਿੱਚ ਪੇਸ਼ ਕੀਤੇ ਗਏ ਵਿਚਾਰਾਂ, ਤਰਕਾਂ ਅਤੇ ਨਤੀਜਿਆਂ ਦਾ ਅਧਿਅਨ ਕਰਨ ਅਤੇ ਉਨ੍ਹਾਂ ਉੱਤੇ ਚਰਚਾ ਕਰਨ।*

# ਹਿੰਦੋਸਤਾਨੀ ਰਾਜ ਅਤੇ ਇਨਕਲਾਬ ਬਾਰੇ ਨਵੰਬਰ 2002 ਨੂੰ ਹੋਈ ਕਾਨਫਰੰਸ ਵਿਚ ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੇ ਜਨਰਲ ਸਕੱਤਰ, ਕਾਮਰੇਡ ਲਾਲ ਸਿੰਘ ਦੁਆਰਾ ਪੇਸ਼ ਕੀਤਾ ਗਿਆ ਮੁੱਖ ਭਾਸ਼ਣ

*ਸਾਥੀਓ,*

ਦੇਸ਼ ਦੇ ਕੋਨੇ-ਕੋਨੇ ਤੋਂ ਤੇ ਵਿਦੇਸ਼ ਤੋਂ ਵੀ ਆਏ ਹੋਏ ਕਮਿਊਨਿਸਟ ਇਨਕਲਾਬੀਆਂ ਦੀ ਇਸ ਸਭਾ ਨੂੰ ਸੰਬੋਧਨ ਕਰਦਿਆਂ ਮੈਨੂੰ ਬਹੁਤ ਫ਼ਖ਼ਰ ਮਹਿਸੂਸ ਹੋ ਰਿਹਾ ਹੈ। ਤੁਸੀਂ ਏਥੇ ਇਸ ਲਈ ਆਏ ਹੋ ਕਿਉਂਕਿ ਤੁਹਾਡੇ ਵਿਸ਼ਵਾਸ ਅਨੁਸਾਰ ਹਿੰਦੋਸਤਾਨ ਨੂੰ ਬਚਾਉਣ ਦਾ ਇੱਕੋ-ਇੱਕ ਰਸਤਾ ਇਨਕਲਾਬ ਰਾਹੀਂ ਵਿਕਾਸ ਦੇ ਰਸਤੇ ਖੋਹਲਣਾ ਹੀ ਹੈ। ਹਿੰਦੋਸਤਾਨ ਨੂੰ ਚੁੰਬੜੀਆਂ ਹੋਈਆਂ ਸਾਰੀਆਂ ਸਮੱਸਿਆਵਾਂ ਨੂੰ ਹਲ ਕਰਨ ਦੇ ਇੱਕੋ ਇੱਕ ਰਾਹ, ਸਮਾਜਕ ਅਤੇ ਆਰਥਿਕ ਇਨਕਲਾਬ ਦੀ ਇੱਛਾ ਹੀ, ਅੱਜ ਸਾਨੂੰ ਸਾਰਿਆਂ ਨੂੰ ਇੱਥੇ ਖਿੱਚ ਲਿਆਈ ਹੈ।

ਅਸੀਂ ਅੱਜ ਇੱਥੇ ਅਜਿਹੇ ਸਮੇਂ ਇਕੱਠੇ ਹੋਏ ਹਾਂ ਜਦੋਂ ਹਿੰਦੋਸਤਾਨ ਦੇ ਹੁਕਮਰਾਨ ਦੇਸ਼ ਨੂੰ ਇੱਕ ਬੇਹੱਦ ਖਤਰਨਾਕ ਦਿਸ਼ਾ ਵੱਲ ਲੈ ਜਾ ਰਹੇ ਹਨ। ਅੱਜ ਸਮਾਂ ਹਿੰਦੋਸਤਾਨੀ ਕਮਿਊਨਿਸਟਾਂ ਤੋਂ ਮੰਗ ਕਰ ਰਿਹਾ ਹੈ ਕਿ ਅਸੀਂ ਅੱਗੇ ਆਈਏ ਤੇ ਇੱਕ-ਮੁੱਠ ਹੋ ਕੇ ਮਜ਼ਦੂਰ ਵਰਗ ਨੂੰ ਅਗਵਾਈ ਦੇਈਏ। ਮੈਂ ਤੁਹਾਨੂੰ ਸਾਰਿਆਂ ਨੂੰ ਵਧਾਈ ਦਿੰਦਾ ਹਾਂ ਕਿ ਇਸ ਬੇਹੱਦ ਜ਼ਰੂਰਤ ਦੇ ਸਮੇਂ ਕਮਿਊਨਿਸਟ ਅੰਦੋਲਨ ਦੇ ਸਾਹਮਣੇ ਆਈ ਇਸ ਚੁਣੌਤੀ ਨੂੰ ਸਵੀਕਾਰ ਕਰਨ ਲਈ ਤੁਸੀਂ ਅੱਗੇ ਆਏ ਹੋ।

*ਸਾਥੀਓ,*

ਤੁਸੀਂ ਲੋਕਾਂ ਦਰਮਿਆਨ ਪਾਰਟੀ–ਸੇਧ ਦੇ ਜੀਉਂਦੇ–ਜਾਗਦੇ ਰੂਪ ਹੋ, ਪੀੜਤ ਜਨਤਾ ਨੂੰ ਪ੍ਰੋਲੇਤਾਰੀ ਇਨਕਲਾਬ ਲਈ ਉਤਸ਼ਾਹਤ ਕਰਨ ਵਾਲੇ, ਪ੍ਰਚਾਰ ਕਰਨ ਵਾਲੇ ਤੇ ਸੰਗਠਿਤ ਕਰਨ ਵਾਲੇ। ਤੁਸੀਂ ਮਜ਼ਦੂਰ ਵਰਗ ਦੇ ਅੰਦੋਲਨ ਵਿੱਚ ਇਨਕਲਾਬੀ ਸੋਚ ਨੂੰ ਲੈ ਕੇ ਜਾਣ ਵਾਲੇ ਹੋ। ਤੁਸੀਂ *'ਮਜ਼ਦੂਰ ਏਕਤਾ ਲਹਿਰ'* ਅਤੇ *'ਪੀਪਲਜ਼ ਵੌਇਸ'* ਦੇ ਪਾਠਕ, ਲੇਖਕ ਅਤੇ ਵਿਤਰਕ ਹੋ, ਜਿਹਨਾਂ ਰਾਹੀਂ ਮਜ਼ਦੂਰ ਵਰਗ ਦੇ ਜਾਗਰੂਕ ਮੈਂਬਰਾਂ ਨੂੰ ਉਹਨਾਂ ਦੀ ਆਗੂ ਪਾਰਟੀ ਦੇ ਯੂਨਿਟਾਂ ਵਿੱਚ ਇਕਜੁਟ ਅਤੇ ਸੰਗਠਿਤ ਕੀਤਾ ਜਾਂਦਾ ਹੈ। ਹਿੰਦੋਸਤਾਨੀ ਰਾਜ ਅਤੇ ਇਨਕਲਾਬ ਸਬੰਧੀ ਕੁਝ ਬਹੁਤ ਹੀ ਮਹੱਤਵਪੂਰਨ ਪ੍ਰਸ਼ਨਾਂ ਉੱਤੇ ਚਰਚਾ ਕਰਕੇ ਅਤੇ ਉਹਨਾਂ ਬਾਰੇ ਫੈਸਲਾਕੁੰਨ ਨਤੀਜਿਆਂ ਉੱਤੇ ਪਹੁੰਚਕੇ, ਸਾਨੂੰ ਆਪਣੀ ਸੋਚ ਤਿੱਖੀ ਕਰਨੀ ਪਏਗੀ, ਤੇ ਅਮਲ ਅਤੇ ਸੋਚ ਦੀ ਏਕਤਾ ਨੂੰ ਹੋਰ ਪਕੇਰਿਆਂ ਕਰਨਾ ਪਵੇਗਾ। ਇਸ ਨਾਲ ਸਾਡਾ ਵਿਸ਼ਵਾਸ ਹੋਰ ਮਜ਼ਬੂਤ ਹੋਵੇਗਾ, ਸਾਨੂੰ ਵਿਗਿਆਨ ਦੀ ਤਾਕਤ ਹਾਸਿਲ ਹੋਵੇਗੀ। ਵਰਗ–ਸੰਘਰਸ਼ ਨੂੰ ਸਹੀ ਢੰਗ ਨਾਲ ਅਗਵਾਈ ਦੇਣ ਲਈ ਇਹ ਦੋਵੇਂ ਚੀਜ਼ਾਂ ਬਹੁਤ ਜ਼ਰੂਰੀ ਹਨ। ਮੈਂ ਇਸ ਕਾਨਫਰੰਸ ਦੇ ਆਯੋਜਕ, ਲੋਕ ਆਵਾਜ਼ ਪਬਲਿਸ਼ਰਜ਼ ਐਂਡ ਡਿਸਟਰੀਬਿਊਟਰਜ਼, ਨੂੰ ਇਸ ਉਚਿਤ ਸਮੇਂ ਤੇ ਕੀਤੀ ਪਹਿਲ ਲਈ ਵਧਾਈ ਦਿੰਦਾ ਹਾਂ।

*ਸਾਥੀਓ,*

ਅੱਜ ਦੁਨੀਆਂ ਇੱਕ ਗੰਭੀਰ ਸਥਿਤੀ ਦਾ ਸਾਹਮਣਾ ਕਰ ਰਹੀ ਹੈ। ਪੂੰਜੀਵਾਦੀ ਪ੍ਰਬੰਧ ਗਹਿਰੇ ਸੰਕਟ ਵਿੱਚ ਹੈ ਅਤੇ ਅਸਮਾਨ ਵਿੱਚ ਜੰਗ ਦੇ ਬੱਦਲ ਗਾੜ੍ਹੇ ਹੋ ਰਹੇ ਹਨ। ਇਹਨਾਂ ਹਾਲਤਾਂ ਵਿੱਚ ਹਿੰਦੋਸਤਾਨੀ ਹਾਕਮ ਜਮਾਤ ਇੱਕ ਬੜੇ ਜ਼ੋਖਮ ਭਰੇ ਰਸਤੇ ਉੱਤੇ ਚੱਲ ਰਹੀ ਹੈ। ਉਹ ਅਮਰੀਕੀ ਸਾਮਰਾਜਵਾਦ ਤੇ ਦੂਸਰੀਆਂ ਸਾਮਰਾਜਵਾਦੀ ਤਾਕਤਾਂ ਨਾਲ ਮਿਲ–ਜੁਲ ਕੇ ਕੰਮ ਕਰ ਰਹੀ ਹੈ। ਉਹ ਖੁਦ ਦੁਨੀਆਂ ਵਿੱਚ ਇਕ ਵੱਡੀ ਸਾਮਰਾਜਵਾਦੀ ਤਾਕਤ ਬਣਕੇ ਉਭਰਨਾ ਚਾਹੁੰਦੀ ਹੈ ਅਤੇ ਆਪਣੇ ਇਹਨਾਂ ਮਨਸੂਬਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਹਿੰਦੋਸਤਾਨੀ ਪੂੰਜੀਵਾਦ ਅਤੇ ਹਿੰਦਸਤਾਨੀ ਰਾਜ, ਦੁਨੀਆਂ ਦੀ ਮੁੜ ਵੰਡ ਕਰਨ ਦੀਆਂ ਸਾਜ਼ਿਸ਼ਾਂ ਅਤੇ ਕੋਸ਼ਿਸ਼ਾਂ ਵਿੱਚ ਇਸ ਤਰ੍ਹਾਂ ਸ਼ਾਮਿਲ ਹਨ ਕਿ ਖਾਸ ਤੌਰ 'ਤੇ ਦੱਖਣੀ ਏਸ਼ੀਆ ਵਿਚ ਬੜੀ ਖਤਰਨਾਕ ਸਥਿਤੀ ਪੈਦਾ ਹੋ ਗਈ ਹੈ।

ਹਿੰਦੋਸਤਾਨ ਸੰਕਟ ਵਿਚੋਂ ਬਾਹਰ ਆ ਸਕਦਾ ਹੈ, ਖਤਰੇ ਟਾਲੇ ਜਾ ਸਕਦੇ ਹਨ, ਇਸ ਸਥਿਤੀ ਤੋਂ ਬਚਿਆ ਜਾ ਸਕਦਾ ਹੈ ਪਰ ਸਿਰਫ਼ ਇੱਕ ਸ਼ਰਤ ਹੈ ਕਿ ਹਿੰਦੋਸਤਾਨੀ ਮਜ਼ਦੂਰ ਵਰਗ ਨੂੰ ਸਮੁੱਚੀ ਸ਼ੋਸ਼ਿਤ–ਪੀੜਤ ਲੋਕਾਈ ਦੇ ਸੰਘਰਸ਼ ਨੂੰ ਅਗਵਾਈ ਦੇਣ ਲਈ ਅੱਗੇ ਆਉਣਾ ਪਵੇਗਾ। ਅੱਜ ਸਮੇਂ ਦੀ ਜ਼ਰੂਰਤ ਵੀ ਹੈ ਤੇ ਮੰਗ ਵੀ ਕਿ ਅਸੀਂ ਕਮਿਊਨਿਸਟ

ਅੱਗੇ ਆਈਏ ਤੇ ਮਜ਼ਦੂਰ ਵਰਗ ਦੀ ਅਗਵਾਈ ਕਰੀਏ ਤਾਂ ਕਿ ਸਭ ਦਿਸ਼ਾਵਾਂ ਤੋਂ ਹੋਣ ਵਾਲੇ ਲੋਕ-ਵਿਰੋਧੀ ਹਮਲਿਆਂ ਦਾ ਡਟਕੇ ਟਾਕਰਾ ਕੀਤਾ ਜਾ ਸਕੇ। ਇਸ ਸੰਕਟ 'ਚੋਂ ਬਾਹਰ ਨਿੱਕਲਣ ਹਿੱਤ ਇੱਕ ਫੌਰੀ ਪ੍ਰੋਗਰਾਮ ਦੇ ਇਰਦ-ਗਿਰਦ, ਤਮਾਮ ਸ਼ੋਸ਼ਿਤ-ਪੀੜਤ ਲੋਕਾਂ ਨੂੰ ਲਾਮਬੰਦ ਕਰਨ ਲਈ ਸਾਨੂੰ ਲਾਜ਼ਮੀ ਤੌਰ 'ਤੇ ਮਜ਼ਦੂਰ ਜਮਾਤ ਦੀ ਅਗਵਾਈ ਕਰਨੀ ਪਵੇਗੀ। ਮਜ਼ਦੂਰ ਜਮਾਤ ਨੂੰ ਇਨਕਲਾਬ ਅਤੇ ਸਮਾਜਵਾਦ ਦਾ ਰਸਤਾ ਦਿਖਾਉਣ ਲਈ ਸਾਨੂੰ ਲਾਜ਼ਮੀ ਤੌਰ 'ਤੇ ਉਹਨਾਂ ਦੀ ਅਗਵਾਈ ਕਰਨੀ ਪਵੇਗੀ।

ਇਸ ਫੌਰੀ ਕਾਰਜ ਨੂੰ ਸਿਰੇ ਚਾੜਨ ਲਈ ਇਹ ਜ਼ਰੂਰੀ ਹੈ ਕਿ ਕਮਿਊਨਿਸਟ ਅੰਦੋਲਨ ਵਿੱਚੋਂ ਉਹਨਾਂ ਸਾਰੀਆਂ ਧਾਰਾਵਾਂ ਨੂੰ ਬਾਹਰ ਕੱਢ ਮਾਰਿਆ ਜਾਵੇ, ਜੋ ਪੂੰਜੀਵਾਦ ਅਤੇ ਬੁਰਜੁਆਜ਼ੀ ਦੇ ਵਰਤਮਾਨ ਹਿੰਦੋਸਤਾਨੀ ਰਾਜ ਨਾਲ ਸਮਝੌਤੇ ਕਰਦੇ ਹਨ ਅਤੇ ਇਸ ਤਰ੍ਹਾਂ ਪ੍ਰੋਲੇਤਾਰੀ ਇਨਕਲਾਬ ਨੂੰ ਕਾਮਯਾਬ ਹੋਣ ਤੋਂ ਰੋਕਦੇ ਹਨ। ਬੁਰਜ਼ੁਆ ਵਿਚਾਰਧਾਰਾ ਨਾਲ ਸਮਝੌਤਿਆਂ ਦੇ ਸਾਰੇ ਰੂਪਾਂ ਤੋਂ ਮੁਕਤ ਹੋ ਕੇ ਹੀ ਕਮਿਊਨਿਸਟ ਲਹਿਰ ਇਕਜੁਟ ਤਾਕਤ ਬਣਾ ਕੇ ਉੱਭਰ ਸਕਦੀ ਹੈ, ਮਜ਼ਦੂਰ ਵਰਗ ਨੂੰ ਅਗਵਾਈ ਦੇ ਸਕਦੀ ਹੈ ਤੇ ਸਮੁੱਚੀ ਸ਼ੋਸ਼ਿਤ-ਪੀੜਤ ਲੋਕਾਈ ਨੂੰ ਆਪਣੇ ਨਾਲ ਜੋੜ ਸਕਦੀ ਹੈ। ਹੁਣ ਸਮਾਂ ਆ ਗਿਆ ਹੈ ਕਿ ਲਹਿਰ ਵਿੱਚ ਸ਼ਾਮਲ ਉਹਨਾਂ ਸਾਰਿਆਂ ਮਖੌਟਿਆਂ ਨੂੰ ਨੰਗੇ ਕਰ ਦਿੱਤਾ ਜਾਵੇ, ਜੋ ਪੂੰਜੀਵਾਦ, ਬੁਰਜੁਆਜ਼ੀ ਅਤੇ ਹਿੰਦੋਸਤਾਨੀ ਰਾਜ ਵਿੱਚ ਕੁਝ ਅੱਛਾਈ ਵੇਖਦੇ ਹਨ ਅਤੇ ਬੁਰਜੁਆਜ਼ੀ ਦੇ ਤਥਾ-ਕਥਿਤ "ਪ੍ਰਗਤੀਸ਼ੀਲ ਹਿੱਸੇ" ਦੇ ਸਮਰਥਨ ਵਿੱਚ ਮਜ਼ਦੂਰਾਂ ਕਿਸਾਨਾਂ ਨੂੰ ਲਾਮਬੰਦ ਕਰਨ ਦੀ ਕੋਸ਼ਿਸ਼ ਕਰਦੇ ਹਨ।

ਸਾਥੀਓ, ਵਿਸ਼ਵ ਪੱਧਰ ਉੱਤੇ ਪੂੰਜੀਵਾਦੀ ਸੰਕਟ ਹੋਰ ਗਹਿਰਾ ਹੁੰਦਾ ਜਾ ਰਿਹਾ ਹੈ। ਵੱਡੇ ਪੱਧਰ ਦੀ ਮੰਦੀ ਕਾਰਨ ਦੁਨੀਆਂ ਭਰ ਵਿੱਚ ਉਤਪਾਦਕਨ ਲਗਭਗ ਖੜੋਤ ਦਾ ਸ਼ਿਕਾਰ ਹੋ ਚੁੱਕਾ ਹੈ। ਦੁਨੀਆਂ ਦੇ ਸਭ ਵਿਕਸਿਤ ਦੇਸ਼ਾਂ ਵਿਚਲੀਆਂ ਵੱਡੀਆਂ ਪੂੰਜੀਵਾਦੀ ਕੰਪਨੀਆਂ ਦੇ ਮੁਨਾਫ਼ਿਆਂ ਵਿੱਚ ਵੱਡੀ ਗਿਰਾਵਟ ਆਈ ਹੈ। ਵਿਕਸਿਤ ਪੂੰਜੀਵਾਦੀ ਅਰਥ-ਵਿਵਸਥਾਵਾਂ ਵਿੱਚ ਉਦਯੋਗਿਕ ਸਮਰੱਥਾ ਦਾ ਇਸਤੇਮਾਲ ਨਹੀਂ ਹੋ ਰਿਹਾ, ਬੇਰੁਜ਼ਗਾਰੀ ਫੈਲੀ ਹੋਈ ਹੈ ਅਤੇ ਦਿਨ-ਬ-ਦਿਨ ਵਧਦੀ ਜਾ ਰਹੀ ਹੈ। 1930 ਦੇ ਦਹਾਕੇ ਦੀ ਆਰਥਕ ਮੰਦੀ ਤੋਂ ਬਾਦ, ਏਨਾ ਭਿਅੰਕਰ ਆਰਥਿਕ ਸੰਕਟ ਕਦੇ ਪੈਦਾ ਨਹੀਂ ਹੋਇਆ, ਜਿੰਨਾ ਅੱਜ 2002 ਵਿੱਚ ਸ਼ੇਅਰ ਬਜ਼ਾਰਾਂ ਵਿੱਚ ਗਿਰਾਵਟ ਦੇ ਰੂਪ ਵਿੱਚ ਵੇਖਣ ਨੂੰ ਮਿਲਿਆ ਹੈ। ਕੁਝ ਇਸੇ ਤਰ੍ਹਾਂ ਦੇ ਹਾਲਾਤ ਵਿੱਚ ਹੀ ਫਾਸ਼ੀਵਾਦ ਨੇ ਜਨਮ ਲਿਆ ਸੀ ਤੇ ਸਾਮਰਾਜੀਆਂ ਨੇ 1939 ਵਿੱਚ ਦੂਸਰਾ ਵਿਸ਼ਵ-ਯੁੱਧ ਛੇੜਿਆ ਸੀ।

ਅਮਰੀਕਾ ਵਿੱਚ ਵੱਡੀਆਂ ਕੰਪਨੀਆਂ ਦੇ ਮੁਨਾਫ਼ੇ ਸੰਨ 2000 ਦੇ 88 ਅਰਬ ਡਾਲਰ ਤੋਂ ਸੰਨ 2001 ਵਿੱਚ 35 ਅਰਬ ਡਾਲਰ ਤੱਕ ਡਿੱਗ ਜਾਣ ਦੀ ਖਬਰ ਹੈ। ਜਰਮਨੀ ਦੇ ਤੀਸਰੇ

ਨੰਬਰ ਉੱਤੇ ਮੰਨੇ ਜਾਂਦੇ ਬੈਂਕ, ਕਾਮਰਸ ਬੈਂਕ, ਦੇ ਬਾਰੇ ਵਿੱਚ ਕਿਹਾ ਜਾ ਰਿਹਾ ਹੈ ਕਿ ਅਕਤੂਬਰ ਦੇ ਸ਼ੁਰੂ ਵਿੱਚ, ਸਿਰਫ਼ ਇੱਕ ਹਫ਼ਤੇ ਦੇ ਅੰਦਰ ਹੀ, ਉਸ ਦੀ ਕੀਮਤ ਦਾ ਇੱਕ-ਚੌਥਾਈ ਹਿੱਸਾ ਘਟ ਗਿਆ ਹੈ। ਲੱਖਾਂ ਹੀ ਮਜ਼ਦੂਰਾਂ ਤੇ ਮੱਧ-ਵਰਗ ਦੇ ਪਰਿਵਾਰਾਂ ਦੀ ਜ਼ਿੰਦਗੀ ਭਰ ਦੀ ਬੱਚਤ ਦਾ ਪੈਸਾ ਪਲ ਭਰ ਵਿੱਚ ਗਾਇਬ ਹੋ ਗਿਆ ਹੈ। ਬੁਰਜ਼ੂਆ ਅਰਥ-ਸ਼ਾਸਤਰੀ, ਇਸ ਤੋਂ ਵੀ ਬੁਰਾ ਹੋਣ ਦੀ, ਜਿਵੇਂ ਪੂਰੇ-ਪੂਰੇ ਬੈਂਕਿੰਗ ਖੇਤਰ ਦੇ ਸੰਕਟ ਦੀ ਪੇਸ਼ੀਨਗੋਈ ਕਰ ਰਹੇ ਹਨ।

ਸਪਸ਼ਟ ਹੈ ਕਿ ਮੁਨਾਫ਼ਿਆਂ ਵਿੱਚ ਇਹ ਗਿਰਾਵਟ, ਪੂੰਜੀਵਾਦੀ ਜਮਾਤ ਦੀਆਂ ਇੱਛਾਵਾਂ ਦੇ ਉਲਟ, ਆਈ ਹੈ। ਸਾਮਰਾਜਵਾਦੀ ਤਾਕਤਾਂ ਅਤੇ ਇਜ਼ਾਰੇਦਾਰ ਕੰਪਨੀਆਂ ਆਪਣੇ ਲਈ ਵੱਧ ਤੋਂ ਵੱਧ ਮੁਨਾਫ਼ਾ ਦਰ ਕਾਇਮ ਰੱਖਣ ਦੀਆਂ ਜਿੰਨੀਆਂ ਮਰਜ਼ੀ ਕੋਸ਼ਿਸ਼ਾਂ ਕਰ ਲੈਣ, ਉਹ ਪੂੰਜੀਵਾਦ ਦੇ ਉਸ ਨੇਮ ਤੋਂ ਬਚ ਨਹੀਂ ਸਕਦੇ, ਜਿਸਨੂੰ ਕਾਰਲ ਮਾਰਕਸ ਨੇ ਡੇਢ ਸੌ ਸਾਲ ਪਹਿਲਾਂ ਸਪਸ਼ਟ ਕੀਤਾ ਸੀ ਕਿ ਪੂੰਜੀਵਾਦੀ ਮੁਨਾਫ਼ੇ ਦੀ ਦਰ ਨੇ ਇੱਕ ਪ੍ਰਵਿਰਤੀ ਵਜੋਂ, ਘਟਣਾ ਹੀ ਘਟਣਾ ਹੈ। ਪੂੰਜੀਵਾਦੀ ਬਜ਼ਾਰ ਦੀ ਹਰ ਚੜ੍ਹਾਈ ਪਹਿਲਾਂ ਦੀ ਤੁਲਨਾ ਵਿੱਚ ਘੱਟ ਅਤੇ ਅਨਿਸ਼ਚਿਤ ਹੁੰਦੀ ਹੈ, ਹਰ ਸੰਕਟ ਪਹਿਲੇ ਨਾਲੋਂ ਵੱਧ ਗਹਿਰਾ ਅਤੇ ਵਿਨਾਸ਼ਕਾਰੀ ਹੁੰਦਾ ਹੈ।

ਵਿਸ਼ਵ ਪੱਧਰ ਦੇ ਪੂੰਜੀਵਾਦੀ ਆਰਥਿਕ ਸੰਕਟ ਦੇ ਪ੍ਰਭਾਵ ਹਿੰਦੋਸਤਾਨ ਵਿੱਚ ਵੀ ਨਜ਼ਰ ਆ ਰਹੇ ਹਨ। ਪਿਛਲੇ ਦੋ ਸਾਲਾਂ ਦੌਰਾਨ ਉਦਯੋਗਿਕ ਵਿਕਾਸ ਦੀ ਰਫ਼ਤਾਰ ਧੀਮੀ ਹੋ ਗਈ ਹੈ। ਬੇਰੁਜ਼ਗਾਰੀ ਵਧ ਗਈ ਹੈ। ਕਾਰੋਬਾਰ ਬੰਦ ਕੀਤੇ ਜਾ ਰਹੇ ਹਨ ਅਤੇ ਮਿਹਨਤਕਸ਼ ਲੋਕਾਂ ਦੀ ਰੋਟੀ-ਰੋਜ਼ੀ ਖਤਰੇ ਵਿੱਚ ਪੈ ਗਈ ਹੈ। ਜਦੋਂ ਤੋਂ ਹਿੰਦੋਸਤਾਨ ਵਿਸ਼ਵ ਵਪਾਰ ਸੰਗਠਨ (ਡਬਲਿਊ. ਟੀ. ਓ.) ਵਿੱਚ ਸ਼ਾਮਲ ਹੋਇਆ ਹੈ ਅਤੇ ਘਰੇਲੂ ਮੰਡੀ ਨੂੰ ਅਯਾਤ ਕੀਤੀਆਂ ਗਈਆਂ ਚੀਜ਼ਾਂ ਲਈ ਖੋਹਲ ਦਿੱਤਾ ਗਿਆ ਹੈ, ਉਦੋਂ ਤੋਂ ਕਿਸਾਨ ਅਤੇ ਛੋਟੇ ਉੱਦਮੀ ਵੱਡੀ ਗਿਣਤੀ ਵਿੱਚ ਤਬਾਹ ਹੋ ਰਹੇ ਹਨ। ਦੇਸ਼ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਸੋਕਾ ਪੈ ਜਾਣ ਕਾਰਨ ਵੀ ਪੇਂਡੂ ਇਲਾਕਿਆਂ ਵਿੱਚ ਆਮਦਨ ਘਟ ਗਈ ਹੈ ਅਤੇ ਆਰਥਿਕ ਸੰਕਟ ਹੋਰ ਡੂੰਘਾ ਹੋ ਗਿਆ ਹੈ। ਪਿੰਡਾਂ ਵਿੱਚ ਲੋਕ ਜਾਂ ਤਾਂ ਭੁੱਖੇ ਮਰ ਰਹੇ ਹਨ ਤੇ ਜਾਂ ਖੁਦਕੁਸ਼ੀਆਂ ਕਰ ਰਹੇ ਹਨ। ਦੂਸਰੇ ਪਾਸੇ ਹਿੰਦੋਸਤਾਨੀ ਰਾਜ ਦੇ ਗੁਦਾਮ ਕਣਕ-ਚੌਲਾਂ ਨਾਲ ਲੱਦੇ ਹੋਏ ਹਨ।

ਸਰਵਜਨਕ ਕੰਪਨੀਆਂ ਦੇ ਨਿੱਜੀਕਰਨ ਨਾਲ ਇੱਕ ਪਾਸੇ ਤਾਂ ਹਿੰਦੋਸਤਾਨ ਦੇ ਅਜਾਰੇਦਾਰ ਘਰਾਣੇ ਅਤੇ ਬਹੁਰਾਸ਼ਟਰੀ ਕੰਪਨੀਆਂ ਉਤਪਾਦਨ ਦੇ ਇਹਨਾਂ ਸਾਧਨਾਂ ਨੂੰ ਕੌਡੀਆਂ ਦੇ ਭਾਅ ਹਥਿਆ ਰਹੇ ਹਨ ਤੇ ਦੂਸਰੇ ਪਾਸੇ ਮਜ਼ਦੂਰ ਵੱਡੀ ਗਿਣਤੀ ਵਿੱਚ ਬੇਰੁਜ਼ਗਾਰ ਹੋ ਕੇ, ਸੁਰੱਖਿਆ ਗਵਾ ਚੁੱਕੇ ਹਨ। ਹਿੰਦੋਸਤਾਨੀ ਪੂੰਜੀ ਨੂੰ ਵਿਸ਼ਵ-ਬਜ਼ਾਰ ਦੀ ਮੁਕਾਬਲੇਬਾਜ਼ੀ ਦੇ

ਯੋਗ ਬਣਾਉਣ ਦੇ ਬਹਾਨਿਆਂ ਨਾਲ ਬੁਰਜ਼ੁਆਜ਼ੀ, ਮਜ਼ਦੂਰਾਂ ਦੇ ਹੱਕਾਂ ਉੱਤੇ ਆਪਣੇ ਹਮਲਿਆਂ ਨੂੰ ਹੋਰ ਤੇਜ਼ ਕਰੀ ਜਾ ਰਹੀ ਹੈ।

ਔਸਤਨ ਮੁਨਾਫ਼ਾ ਦਰ ਘਟਣ ਦੀਆਂ ਹਾਲਤਾਂ ਵਿੱਚ ਵੀ ਪੂੰਜੀਵਾਦੀ ਅਜਾਰੇਦਾਰ ਕੰਪਨੀਆਂ ਆਪਣੇ ਜ਼ਿਆਦਾ ਤੋਂ ਜ਼ਿਆਦਾ ਮੁਨਾਫ਼ੇ ਬਣਾਈ ਰੱਖਣਾ ਚਾਹੁੰਦੀਆਂ ਹਨ, ਇਸ ਲਈ ਦੁਨੀਆਂ ਦੇ ਅਲੱਗ-ਅਲੱਗ ਦੇਸ਼ਾਂ ਵਿਚਲੇ ਕੱਚੇ ਮਾਲ ਦੇ ਸਰੋਤਾਂ, ਬਜ਼ਾਰਾਂ ਅਤੇ ਇਲਾਕਿਆਂ ਉੱਤੇ ਕਬਜ਼ਾ ਕਰਨ ਦੇ ਸਵਾਲ ਉੱਤੇ ਸਾਮਰਾਜਵਾਦੀ ਦੇਸ਼ਾਂ ਦੀ ਆਪਸੀ ਖਿੱਚ-ਧੂਹ ਵਧ ਰਹੀ ਹੈ। ਇਸੇ ਲਾਲਚ ਕਾਰਨ ਹੀ ਦੁਨੀਆਂ ਦੀਆਂ ਵੱਡੀਆਂ-ਵੱਡੀਆਂ ਤਾਕਤਾਂ, ਦੁਨੀਆਂ ਦੀ ਆਪਸ ਵਿੱਚ ਮੁੜ ਵੰਡ ਕਰਨ ਲਈ ਜੰਗਾਂ ਛੇੜਦੀਆਂ ਰਹੀਆਂ ਹਨ ਜਾਂ ਛੇੜਨ ਦੀਆਂ ਯੋਜਨਾਵਾਂ ਬਣਾ ਰਹੀਆਂ ਹਨ। ਅੱਜ ਪੂਰਾ ਵਿਸ਼ਵ ਵੇਖ ਰਿਹਾ ਹੈ ਕਿ ਅਮਰੀਕੀ ਸਾਮਰਾਜਵਾਦ ਆਪਣੀ 'ਦਹਿਸ਼ਤਵਾਦ ਵਿਰੁੱਧ ਜੰਗ' ਦੇ ਅਗਲੇ ਪੜਾਅ ਵਿੱਚ ਇਰਾਕ,ਉੱਤਰੀ-ਕੋਰੀਆ ਜਾਂ ਕਿਸੇ ਹੋਰ ਦੇਸ਼ ਖਿਲਾਫ਼ ਇੱਕ ਹੋਰ ਭਿਆਨਕ ਜੰਗ ਦੀਆਂ ਪੂਰੀਆਂ ਤਿਆਰੀਆਂ ਕਰ ਰਿਹਾ ਹੈ। ਜੋ ਸਪਸ਼ਟ ਹੋ ਰਿਹਾ ਹੈ ਉਹ ਇਹ ਹੈ ਕਿ ਸਾਮਰਾਜਵਾਦ, ਪੂੰਜੀਵਾਦ ਦੇ ਸਭ ਤੋਂ ਉਚੇਰੇ ਪੜਾਅ ਨੂੰ, ਆਪਣੀ ਉਮਰ ਲੰਬੀ ਕਰਨ ਹਿੱਤ, ਇਲਾਕਿਆਂ ਉੱਤੇ ਕਬਜ਼ੇ ਅਤੇ ਦੁਨੀਆਂ ਦੀ ਮੁੜ-ਵੰਡ ਲਈ ਜੰਗਾਂ ਦੀ ਜ਼ਰੂਰਤ ਹੁੰਦੀ ਹੈ।

ਹਿੰਦੋਸਤਾਨੀ ਰਾਜ ਦੱਖਣ ਏਸ਼ੀਆ ਵਿੱਚ ਸਾਮਰਾਜਵਾਦ ਦਾ ਇੱਕ ਅਜਿਹਾ ਪਹਿਰੇਦਾਰ ਬਣ ਕੇ ਉੱਭਰ ਰਿਹਾ ਹੈ ਜੋ ਜੰਗ ਭੜਕਾਉਣ ਲਈ ਤਿਆਰ ਪ੍ਰਮਾਣੂ ਤਾਕਤ ਹੈ ਤੇ ਜਿਸਨੂੰ ਉਸਦੇ ਸਭ ਗਵਾਂਢੀ ਦੇਸ਼ਾਂ ਦੇ ਲੋਕ ਨਫ਼ਰਤ ਕਰਦੇ ਹਨ। ਹਿੰਦੋਸਤਾਨ ਅਤੇ ਅਮਰੀਕਾ ਦੇ ਦਰਮਿਆਨ ਫੌਜੀ ਤਾਲਮੇਲ ਅਤੇ ਖੁਫ਼ੀਆਂ ਸਹਿਯੋਗ ਵਧਦਾ ਜਾ ਰਿਹਾ ਹੈ ਪਰ ਨਾਲ ਦੀ ਨਾਲ, ਕੁਝ ਖਾਸ ਮੁੱਦਿਆਂ ਉੱਤੇ ਇਹਨਾਂ ਦੋਹਾਂ ਦਾ ਆਪਸੀ ਮੱਤ-ਭੇਦ ਵੀ ਹੈ। ਇੱਕੋ ਵੇਲੇ ਹਿੰਦੋਸਤਾਨੀ ਰਾਜ ਯੂਰਪੀ ਸੰਘ, ਰੂਸ, ਇਰਾਨ, ਇਰਾਕ ਅਤੇ ਹੋਰ ਏਸ਼ੀਆਈ ਰਾਜਾਂ ਨਾਲ ਵੀ ਸਮਝੌਤੇ ਕਰਨ ਵਿੱਚ ਰੁੱਝਿਆ ਹੋਇਆ ਹੈ। ਹਿੰਦੋਸਤਾਨ ਦੀ ਵੱਡੀ ਬੁਰਜੁਆਜ਼ੀ ਅਮਰੀਕਾ ਦੀ ਅਗਵਾਈ ਵਿੱਚ ਲੜੀ ਜਾ ਰਹੀ "ਦਹਿਸ਼ਤਵਾਦ ਵਿਰੁੱਧ ਜੰਗ" ਵਿੱਚ ਅਫ਼ਗਾਨਿਸਤਾਨ ਦਾ ਮੁੜ-ਨਿਰਮਾਣ ਕਰਨ ਅਤੇ ਨੇਪਾਲ ਦੇ ਲੋਕਾਂ ਦੇ ਸੰਘਰਸ਼ ਨੂੰ ਕੁਚਲਣ ਆਦਿ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸੁਕ ਹੈ। ਇਹ ਸਭ ਉਸ ਖਤਰਨਾਕ ਰਾਹ ਦੀਆਂ ਨਿਸ਼ਾਨੀਆਂ ਹਨ ਜਿਸ ਉੱਤੇ ਅੱਜ ਦਾ ਹਿੰਦੋਸਤਾਨ ਚੱਲ ਰਿਹਾ ਹੈ।

ਮਿਹਨਤਕਸ਼ ਜਮਾਤਾਂ ਦੇ ਲੋਕ, ਨਿੱਤ-ਦਿਨ ਵਧਦੀ ਜਾ ਰਹੀ ਗਿਣਤੀ ਵਿੱਚ ਸੜਕਾਂ ਉੱਤੇ ਨਿਕਲ ਉਹਨਾਂ ਪੂੰਜੀਵਾਦੀ-ਸਾਮਰਾਜਵਾਦੀ ਹਮਲਿਆਂ ਵਿਰੁੱਧ ਸੰਘਰਸ਼ ਕਰ ਰਹੇ

ਹਨ ਜਿਹਨਾਂ ਨੂੰ ਨਿੱਜੀਕਰਨ ਅਤੇ ਉਦਾਰੀਕਰਨ ਰਾਹੀਂ ਵਿਸ਼ਵੀਕਰਨ ਦਾ ਨਾਂ ਦਿੱਤਾ ਜਾਂਦਾ ਹੈ। ਦੁਨੀਆਂ ਭਰ ਦੀਆਂ ਪੂੰਜੀਵਾਦੀ ਸਰਕਾਰਾਂ, ਜਿਹਨਾਂ ਵਿੱਚ ਉਹ ਦੇਸ਼ ਵੀ ਸ਼ਾਮਿਲ ਹਨ ਜਿਹਨਾਂ ਨੂੰ "ਸਭ ਤੋਂ ਵੱਧ ਲੋਕਤੰਤਰਿਕ" ਕਿਹਾ ਜਾਂਦਾ ਹੈ, ਮਿਹਨਤਕਸ਼ ਜਮਾਤਾਂ ਦੇ ਲੋਕਾਂ ਦੇ ਸਭ ਹਕੂਕ ਖੋਹਣ ਲਈ ਕਾਨੂੰਨ ਬਣਾ ਰਹੀਆਂ ਹਨ। ਇਹਨਾਂ ਜਮਾਤਾਂ ਦੁਆਰਾ ਕੀਤੇ ਜਾ ਰਹੇ ਵਿਰੋਧ ਨੂੰ ਕੁਚਲਣ ਅਤੇ ਗਲਤ ਦਿਸ਼ਾ ਵੱਲ ਧਕੇਲਣ ਲਈ, ਸਾਮਰਾਜਵਾਦ ਅਤੇ ਪ੍ਰਤੀਕ੍ਰਿਆਵਾਦੀਆਂ ਵੱਲੋਂ ਬੇਹੱਦ ਘਿਨੌਣੇ, ਮੱਧਯੁਗੀ ਅਤੇ ਜ਼ਾਲਮਾਨਾ ਤਰੀਕੇ ਅਪਣਾਏ ਜਾ ਰਹੇ ਹਨ। ਵਿਚਾਰਧਾਰਾ, ਧਰਮ, ਜਾਤ, ਨਸਲ ਆਦਿ ਦੇ ਅਧਾਰ ਉੱਤੇ ਵਿਅਕਤੀਆਂ ਅਤੇ ਦਲਾਂ ਉੱਤੇ ਬੇਰਹਿਮੀ ਨਾਲ ਹਮਲੇ ਕੀਤੇ ਜਾ ਰਹੇ ਹਨ। ਆਪਣੇ ਆਪ ਨੂੰ "ਸੱਭਿਅਕ" ਅਖਵਾਉਣ ਵਾਲੇ ਸਮਾਜਾਂ ਵਿੱਚ ਨਸਲਵਾਦ ਅਤੇ ਨਸਲਵਾਦੀ ਹਿੰਸਾ ਵਧ ਰਹੀ ਹੈ। ਪੂਰੇ ਦੇ ਪੂਰੇ ਦੇਸ਼ਾਂ ਅਤੇ ਲੋਕਾਂ ਨੂੰ "ਦੁਸ਼ਟ" ਕਿਹਾ ਜਾ ਰਿਹਾ ਹੈ ਅਤੇ ਇਸ ਨੂੰ ਉਹਨਾਂ ਉੱਤੇ ਕਰੂਜ਼ ਮਿਜ਼ਾਈਲਾਂ ਛੱਡਣ ਦਾ ਬਹਾਨਾ ਬਣਾ ਕੇ ਵਰਤਿਆ ਜਾ ਰਿਹਾ ਹੈ।

ਅਮਰੀਕੀ ਸਾਮਰਾਜਵਾਦ ਅਤੇ ਦੁਨੀਆਂ ਦੇ ਦੂਸਰੇ ਸਾਮਰਾਜਵਾਦੀ ਹਿਟਲਰ ਅਤੇ ਮੁਸੋਲਿਨੀ ਦੇ ਤਰੀਕਿਆਂ ਨੂੰ ਹੋਰ ਵੀ ਕੁਸ਼ਲਤਾ ਨਾਲ ਲਾਗੂ ਕਰ ਰਹੇ ਹਨ। ਸਾਮਰਾਜਵਾਦੀ ਮੀਡੀਆ ਦੇ ਵਿਭਿੰਨ ਚੈਨਲਾਂ ਤੋਂ ਝੂਠਾ ਪ੍ਰਚਾਰ ਅਤੇ ਝੂਠੀਆਂ ਅਫ਼ਵਾਹਾਂ ਫੈਲਾਈਆਂ ਜਾਂਦੀਆਂ ਹਨ। ਦੁਨੀਆਂ ਦੇ ਹਰ ਜਾਇਜ਼ ਸੰਘਰਸ਼ ਨੂੰ ਨਸਲਵਾਦੀ ਅਤੇ ਸੰਪਰਦਾਇਕ ਰੰਗਾਂ ਵਿੱਚ ਰੰਗਿਆ ਜਾ ਰਿਹਾ ਹੈ। ਏਸ਼ੀਆ ਅਤੇ ਸਾਰੀ ਦੁਨੀਆ ਉੱਤੇ ਆਪਣਾ ਗਲਬਾ ਕਾਇਮ ਕਰਨ ਦੀਆਂ ਅਮਰੀਕੀ ਸਾਮਰਾਜਵਾਦ ਦੀਆਂ ਕੋਸ਼ਿਸ਼ਾਂ ਨੂੰ "ਦਹਿਸ਼ਤਵਾਦ ਵਿਰੁੱਧ ਜੰਗ" ਅਤੇ "ਇਸਲਾਮੀ ਕੱਟੜਵਾਦ ਵਿਰੁੱਧ ਜੰਗ" ਦੱਸਿਆ ਜਾ ਰਿਹਾ ਹੈ।

ਹਿੰਦੋਸਤਾਨ ਵਿੱਚ ਵੀ ਹਾਕਮ, "ਦੂਸਰੇ ਦੌਰ ਦੇ ਸੁਧਾਰਾਂ" ਦੇ ਖਿਲਾਫ਼ ਜਨਤਾ ਦੇ ਸੰਘਰਸ਼ਾਂ ਨੂੰ ਕੁਚਲਣ ਅਤੇ ਗੁੰਮਰਾਹ ਕਰਨ ਲਈ ਸੰਪਰਦਾਇਕ ਹਿੰਸਾ, ਰਾਜਕੀ ਦਹਿਸ਼ਤਗਰਦੀ, ਸ਼ਾਵਨਵਾਦੀ, ਸੰਪਰਦਾਇਕ ਪ੍ਰਚਾਰ ਅਤੇ ਪਾਕਿਸਤਾਨ ਵਿਰੁੱਧ ਭੜਕਾਊ ਬਿਆਨਬਾਜ਼ੀ ਦਾ ਆਸਰਾ ਲੈ ਰਹੇ ਹਨ। ਜਿਵੇਂ ਬਸਤੀਵਾਦੀ ਹਾਕਮਾਂ ਨੇ ਸਾਡੇ ਦੇਸ਼ ਭਗਤਾਂ ਅਤੇ ਸ਼ਹੀਦਾਂ ਨੂੰ ਦਹਿਸ਼ਤਗਰਦ ਗਰਦਾਨਿਆ ਸੀ, ਬਿਲਕੁਲ ਉਸੇ ਤਰ੍ਹਾਂ ਅੱਜ ਦੇ ਹਾਕਮ ਆਪਣੇ ਹੱਕਾਂ ਦੀ ਖਾਤਰ ਸੰਘਰਸ਼ ਕਰਨ ਵਾਲੇ ਲੋਕਾਂ ਨੂੰ ਅੱਤਵਾਦੀ ਕਹਿ ਕੇ ਫਾਹੇ ਟੰਗ ਰਹੇ ਹਨ। ਆਪਣੇ ਹੱਕ ਮੰਗਣ ਵਾਲਿਆਂ ਨੂੰ "ਕੱਟੜਪੰਥੀ," "ਪਿਛਾਂਹ-ਖਿੱਚੂ", "ਅੱਤਵਾਦੀ" ਅਤੇ "ਵੱਖਵਾਦੀ" ਕਿਹਾ ਜਾ ਰਿਹਾ ਹੈ।

ਹਿੰਦੋਸਤਾਨੀ ਵੱਡੀ ਬੁਰਜੁਆਜ਼ੀ ਦੇ ਸਾਮਰਾਜੀ ਮਨਸੂਬਿਆਂ ਦੀ ਪੂਰਤੀ ਲਈ, ਭਾਰਤੀ ਰਾਜ ਦਾ ਹਰ ਪੱਖ ਤੋਂ ਹੋਰ ਵਧੇਰੇ ਫਾਸ਼ੀਵਾਦੀਕਰਨ ਕੀਤਾ ਜਾ ਰਿਹਾ ਹੈ। "ਦੁਨੀਆਂ ਦੇ

ਸਭ ਤੋਂ ਵੱਡੇ ਲੋਕਤੰਤਰ" ਵਿੱਚ ਹਰ ਤਰ੍ਹਾਂ ਦੇ ਰਾਜਨੀਤਕ ਵਿਰੋਧ ਨੂੰ ਮਨਮਾਨੇ ਢੰਗ ਨਾਲ ਦਬਾਉਣ ਲਈ ਕਿਸੇ ਵੀ ਵਿਅਕਤੀ ਜਾਂ ਸੰਗਠਨ ਨੂੰ ਜਦੋਂ ਮਰਜ਼ੀ 'ਪੋਟਾ' ਤਹਿਤ ਪਾਬੰਦੀਸ਼ੁਦਾ ਐਲਾਨ ਕਰ ਦੇਣਾ, ਰੋਜ਼ ਦਾ ਕੰਮ ਬਣ ਗਿਆ ਹੈ। ਰਾਜ ਦੁਆਰਾ ਸੰਪਰਦਾਇਕ ਹਿੰਸਾ ਫੈਲਾਉਣਾ, ਰਾਜਨੀਤਕ ਕਾਰਜ-ਕਰਤਾਵਾਂ ਦਾ ਕਤਲ, ਬੰਬ ਧਮਾਕੇ ਅਤੇ ਲੋਕਾਂ ਵਿੱਚ ਦਹਿਸ਼ਤ ਫੈਲਾਉਣ ਦੇ ਹੋਰ ਤਰੀਕੇ, ਭਾਰਤ ਵਿੱਚ ਰਾਜ ਚਲਾਉਣ ਦੀਆਂ ਆਮ ਤੇ ਸਥਾਈ ਜੁਗਤਾਂ ਬਣ ਗਏ ਹਨ।

ਸਾਮਰਾਜਵਾਦੀ ਅਤੇ ਬੁਰਜ਼ੂਆ ਰਾਜਾਂ ਦੇ ਗੁਨਾਹਾਂ ਅਤੇ ਫਾਸ਼ੀਵਾਦੀ ਢੰਗ-ਤਰੀਕਿਆਂ ਉਤੇ ਪਰਦਾ ਪਾਉਣ ਅਤੇ ਜਾਇਜ਼ ਠਹਿਰਾਉਣ ਲਈ ਇਹ ਕਿਹਾ ਜਾ ਰਿਹਾ ਹੈ ਕਿ ਜਦੋਂ ਤੱਕ ਕਿਸੇ ਰਾਜ ਵਿੱਚ 'ਸੁਤੰਤਰ ਅਤੇ ਨਿਰਪੱਖ' ਚੋਣਾਂ ਕਰਵਾਈਆਂ ਜਾਂਦੀਆਂ ਹਨ, ਉਹ ਰਾਜ ਸੱਭਿਅਕ ਅਤੇ ਲੋਕਤੰਤਰਿਕ ਹੀ ਹੁੰਦਾ ਹੈ। ਇਹ ਚੋਣਾਂ ਬੁਰਜੁਆਜ਼ੀ ਦੁਆਰਾ ਆਪਣੇ ਅੰਤਰ-ਵਿਰੋਧਾਂ ਨੂੰ ਹਲ ਕਰਨ ਅਤੇ ਆਪਣੇ ਦਲਾਲਾਂ ਹੱਥ ਸੱਤਾ ਸੌਂਪਣ ਤੋਂ ਵੱਧ ਹੋਰ ਕੁਝ ਨਹੀਂ ਹੁੰਦੀਆਂ। ਪ੍ਰੰਤੂ ਅੱਜ ਦਾ ਰਾਜਨੀਤਕ ਸੰਕਟ ਏਨਾ ਡੂੰਘਾ ਹੋ ਗਿਆ ਹੈ ਅਤੇ ਅੰਤਰ-ਵਿਰੋਧ ਏਨੇ ਤਿੱਖੇ ਹੋ ਗਏ ਹਨ ਕਿ ਹਾਕਮ ਜਮਾਤਾਂ ਇਹਨਾਂ ਨੂੰ ਚੋਣਾਂ ਰਾਹੀਂ ਸੁਲਝਾਉਣ ਤੋਂ ਅਸਮਰਥ ਹੋ ਗਈਆਂ ਹਨ, ਜਿਵੇਂ ਕਿ ਉੱਤਰ-ਪ੍ਰਦੇਸ਼ ਅਤੇ ਕਸ਼ਮੀਰ ਵਿਚਲੇ ਅਸਥਾਈ ਚੁਣਾਵੀਂ ਗੱਠਜੋੜਾਂ ਤੋਂ ਨਜ਼ਰ ਆਉਂਦਾ ਹੈ।

ਪਾਕਿਸਤਾਨ ਵਿੱਚ ਅਤੇ ਜੰਮੂ-ਕਸ਼ਮੀਰ ਵਿੱਚ, ਹਾਲ ਹੀ ਵਿੱਚ ਜੋ ਚੋਣਾਂ ਹੋਈਆਂ ਹਨ, ਉਹਨਾਂ ਨਾਲ ਤਣਾਅ ਅਤੇ ਜੰਗ ਦਾ ਖ਼ਤਰਾ ਖਤਮ ਨਹੀਂ ਹੋਇਆ ਹੈ। ਨਾ ਹੀ ਕਸ਼ਮੀਰ ਦੀ ਸਮੱਸਿਆ ਦਾ ਕੋਈ ਹਾਲ ਨਿਕਲਿਆ ਹੈ। ਨਾ ਹੀ ਹਿੰਦੋਸਤਾਨ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਦਰਮਿਆਨ, ਇੱਕ-ਦੂਸਰੇ ਖਿਲਾਫ਼ ਸੰਪਰਦਾਇਕ ਅਤੇ ਸ਼ਾਵਨਵਾਦੀ ਪ੍ਰਚਾਰ ਰੁਕਿਆ ਹੈ। ਹਿੰਦ-ਪਾਕਿ ਸਰਹੱਦ ਤੋਂ, ਹਾਲਾਂਕਿ ਫੌਜ਼ ਨੂੰ ਹਟਾਇਆ ਜਾ ਰਿਹਾ ਹੈ ਪਰ ਇਹ ਸਿਰਫ਼ ਕੁਝ ਸਮੇਂ ਲਈ ਹੀ ਹੈ। ਅਸਲੀਅਤ ਵਿੱਚ ਏਥੇ ਸਭ ਕੁਝ ਅਮਰੀਕੀ ਸਾਮਰਾਜਵਾਦੀ ਰਣਨੀਤੀ ਅਨੁਸਾਰ ਕੀਤਾ ਜਾ ਰਿਹਾ ਹੈ ਅਤੇ ਹਿੰਦੋਸਤਾਨ ਅਤੇ ਪਾਕਿਸਤਾਨ, ਦੋਨੋਂ ਰਾਜ ਇਸ ਰਣਨੀਤੀ ਵਿੱਚ ਪੂਰੀ ਤਰ੍ਹਾਂ ਸ਼ਾਮਲ ਹਨ।

ਪੂਰੀ ਦੁਨੀਆਂ ਵਿੱਚ ਬੁਰਜੂਆ ਰਾਜ ਅਤੇ ਬਹੁ-ਦਲੀ ਲੋਕਤੰਤਰੀ ਪ੍ਰਣਾਲੀਆਂ ਨੂੰ ਭਰੋਸੇਯੋਗਤਾ ਦੇ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਤੱਥ ਵਧੇਰੇ ਤੋਂ ਵਧੇਰੇ ਸਪਸ਼ਟਤਾ ਨਾਲ ਦੱਸ ਰਹੇ ਹਨ ਕਿ ਇਹ ਰਾਜ ਪੂਰੇ ਸਮਾਜ ਉੱਤੇ ਮੁੱਠੀ ਭਰ ਸ਼ੋਸ਼ਕਾਂ ਦੀ ਹਕੂਮਤ ਥੋਪਣ ਦੇ ਸਾਧਨ ਮਾਤਰ ਹੀ ਹਨ। ਬਹੁ ਗਿਣਤੀ ਜਨ ਸਮੂਹਾਂ ਦੇ ਅਧਿਕਾਰਾਂ ਉੱਤੇ ਬੇਰਹਿਮੀ ਨਾਲ ਹਮਲਾ ਕੀਤਾ ਜਾ ਰਿਹਾ ਹੈ। ਤੱਥ ਸਪਸ਼ਟ ਕਰ ਰਹੇ ਹਨ ਕਿ ਸਾਮਰਾਜਵਾਦ ਦਾ ਅਸਲ ਅਜੰਡਾ, ਫਾਸ਼ੀਵਾਦ ਥੋਪਣਾ ਅਤੇ ਦੁਨੀਆਂ ਉੱਤੇ ਅਧਿਕਾਰ

ਅਤੇ ਮੁੜ-ਵੰਡ ਲਈ ਪ੍ਰਤੀਕ੍ਰਿਆਵਾਦੀ ਜੰਗਾਂ ਛੇੜਨਾ ਹੈ।

ਜਿਉਂ-ਜਿਉਂ 'ਮੁਕਤ ਬਜ਼ਾਰ ਸੁਧਾਰਾਂ' ਦੇ ਖਿਲਾਫ਼ ਜਨਤਾ ਦਾ ਪ੍ਰਤੀਰੋਧ ਤੇ ਵਿਰੋਧ ਵਧਿਆ ਹੈ, ਸਾਮਰਾਜੀ ਅਤੇ ਬੁਰਜ਼ੂਆ ਪ੍ਰਤੀਕਰਮ ਨੇ ਸਿਰਫ਼ ਇਹੀ ਮੰਨਿਆ ਹੈ ਕਿ ਸੁਧਾਰਾਂ ਨਾਲ 'ਮਾਨਵੀ ਚਿਹਰਾ' ਜੋੜਨਾ ਜ਼ਰੂਰੀ ਹੈ। ਜਦੋਂ-ਜਦੋਂ ਇਸ ਤਰ੍ਹਾਂ ਦੇ ਦਾਅ-ਪੇਚ ਨੰਗੇ ਹੋਏ ਹਨ, ਇਹਨਾਂ ਹੀ ਤਾਕਤਾਂ ਨੇ ਇਸ ਤੋਂ ਉਲਟ ਜਾ ਕੇ ਸਭਨਾਂ ਆਰਥਿਕ ਸਮੱਸਿਆਵਾਂ ਦੀ ਜੜ੍ਹ ਵਿੱਚ ਇਸ 'ਮਾਨਵੀ ਚਿਹਰੇ' ਦੇ ਹੀ ਕਸੂਰਵਾਰ ਹੋਣ ਦੀ ਗੱਲ ਕੀਤੀ ਹੈ। ਪੂੰਜੀਵਾਦੀ ਸੁਧਾਰ ਅਤੇ ਬਹੁ-ਦਲੀ ਲੋਕਤੰਤਰ, ਬੇਸ਼ੱਕ ਮਾਨਵੀ ਚਿਹਰੇ ਸਹਿਤ ਹੋਣ ਜਾਂ ਬਗੈਰ, ਅੱਜ ਸਪਸ਼ਟ ਹੈ ਕਿ ਕੁਝ ਨਹੀਂ ਹਨ ਸਿਰਫ਼ ਵੱਡੇ ਅਜਾਰੇਦਾਰ ਪੂੰਜੀਪਤੀਆਂ ਦਾ, ਪੂਰੇ ਸਮਾਜ ਉੱਤੇ ਗਲਬੇ ਦਾ ਸਾਧਨ ਮਾਤਰ ਹੀ ਹਨ। ਇਹ ਗਲਬਾ ਕਿਤੇ ਬੈਲਟ (ਵੋਟ) ਨਾਲ ਪਾਇਆ ਜਾ ਰਿਹਾ ਹੈ ਤਾਂ ਕਿਤੇ ਬੁਲੇਟ (ਗੋਲੀ) ਨਾਲ।

ਸ਼ੀਤ ਯੁੱਧ ਤੋਂ ਬਾਅਦ ਦਾ ਅਰਸਾ, ਜੋ 1991 ਵਿੱਚ ਸੋਵੀਅਤ ਸੰਘ ਦੇ ਪਤਨ ਅਤੇ ਵਿਗਠਨ ਨਾਲ ਸ਼ੁਰੂ ਹੋਇਆ ਸੀ, ਵਿੱਚ ਆਰਥਿਕ ਵਿਕਾਸ, ਸ਼ਾਂਤੀ ਅਤੇ ਲੋਕਤੰਤਰ ਬਾਰੇ ਬਹੁਤ ਸ਼ੋਰ ਮਚਾਇਆ ਗਿਆ ਸੀ। ਸਾਰੀਆਂ ਯੂਰਪੀ ਤਾਕਤਾਂ ਅਤੇ ਅਮਰੀਕਾ-ਕਨੇਡਾ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਸਭ ਦੇਸ਼ਾਂ ਦੇ ਲੋਕਾਂ ਨੂੰ "ਮੁਕਤ ਬਜ਼ਾਰ ਦੇ ਸੁਧਾਰਾਂ" ਅਤੇ "ਬਹੁ-ਦਲੀ ਨੁਮਾਇੰਦਗੀ ਵਾਲੇ ਲੋਕਤੰਤਰ" ਦਾ ਰਾਹ ਹੀ ਅਪਣਾਉਣਾ ਪਵੇਗਾ। ਉਹਨਾਂ ਇਸ ਦਾ "ਉਦਾਰ ਯੁੱਗ ਵੱਲ ਵਾਪਸੀ" ਕਹਿਕੇ ਪ੍ਰਚਾਰ ਕੀਤਾ। 'ਲਾਲ' ਦੇ ਖਾਤਮੇ ਦਾ ਐਲਾਨ ਕਰਕੇ ਉਹਨਾਂ ਨੇ ਦਾਅਵਾ ਕੀਤਾ ਕਿ ਹੁਣ ਪੂੰਜੀਵਾਦ ਦੀਆਂ ਆਪਸੀ ਮੁਕਾਬਲਾ ਕਰ ਰਹੀਆਂ ਤਾਕਤਾਂ ਹੀ ਸਮਾਜ ਨੂੰ ਸੰਕਟ ਵਿੱਚੋਂ ਕੱਢਕੇ, ਵਿਕਾਸ ਦਾ ਦਰਵਾਜ਼ਾ ਖੋਹਲਣਗੀਆਂ। ਇਹਨਾਂ ਸਾਰੇ ਜ਼ੋਰਦਾਰ ਦਾਅਵਿਆਂ ਪਿਛੋਂ ਇੱਕ ਦਹਾਕੇ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਤੇ ਅੱਜ ਵਿਸ਼ਵ-ਪੂੰਜੀਵਾਦ ਦਾ ਅਸਲੀ ਚਿਹਰਾ ਨੰਗੇ-ਚਿੱਟੇ ਰੂਪ ਵਿੱਚ ਸਭ ਦੇ ਸਾਹਮਣੇ ਹੈ। ਅੱਜ ਇਹ ਸਪਸ਼ਟ ਹੈ ਕਿ ਪੂੰਜੀਵਾਦ ਹੀ ਦੇਸ਼ ਵਿੱਚ ਫਾਸ਼ੀਵਾਦ ਅਤੇ ਵਿਦੇਸ਼ ਵਿੱਚ ਹਮਲੇ ਅਤੇ ਪ੍ਰਤੀਕ੍ਰਿਆਵਾਦੀ ਜੰਗ ਦੀ ਪ੍ਰੇਰਕ ਸ਼ਕਤੀ ਹੈ। ਸੰਪਰਦਾਇਕਤਾ, ਨਸਲਵਾਦ, ਆਤੰਕਵਾਦ, ਜਨਤਾ ਦੀ ਰੋਜ਼ੀ-ਰੋਟੀ ਅਤੇ ਹੱਕਾਂ ਉੱਤੇ ਹਮਲੇ-ਇਹਨਾਂ ਸਭਨਾਂ ਦੇ ਪਿੱਛੇ ਪੂੰਜੀਵਾਦ ਹੀ ਹੈ।

ਮਾਰਕਸਵਾਦ-ਲੈਨਿਨਵਾਦ ਸਾਨੂੰ ਸਿਖਾਉਂਦਾ ਹੈ ਕਿ ਸਾਮਰਾਜਵਾਦ ਦਾ ਅਰਥ ਹੈ, ਦੂਸਰੇ ਦੇਸ਼ਾਂ ਉੱਤੇ ਕਬਜ਼ਾ ਕਰਨ ਅਤੇ ਦੁਨੀਆਂ ਦੀ ਮੁੜ-ਵੰਡ ਲਈ ਜੰਗਾਂ ਛੇੜਨਾ। ਅਮਰੀਕੀ ਸਾਮਰਾਜਵਾਦ ਏਸ਼ੀਆ ਉੱਤੇ ਅਜਾਰੇਦਾਰੀ ਲਈ ਦਾਅ-ਪੇਚ ਖੇਡ ਰਿਹਾ ਹੈ। ਉਹ ਸ਼ਰੇਆਮ ਫੌਜੀ ਹਮਲੇ ਵੀ ਕਰ ਰਿਹਾ ਹੈ, ਗੁਪਤ ਸਾਜ਼ਿਸ਼ਾਂ ਵੀ ਅਤੇ ਆਪਣੇ ਗਲਬੇ ਲਈ ਰਾਹ ਖੋਹਲਣ ਦੇ ਮੰਤਵ ਵਾਲੀਆਂ "ਸ਼ਾਂਤੀ ਬਣਾਈ ਰੱਖਣ" ਜਾਂ "ਸ਼ਾਂਤੀ ਕਾਇਮ

ਕਰਨ" ਵਾਲੀਆਂ ਗਤੀਵਿਧੀਆਂ ਵਿੱਚ ਵੀ ਹਿੱਸਾ ਲੈ ਰਿਹਾ ਹੈ। ਇਲਾਕਿਆਂ ਅਤੇ ਪ੍ਰਭਾਵ-ਖੇਤਰਾਂ ਵਾਲੀ ਇਸ ਸਾਮਰਾਜੀ ਖੇਡ ਵਿੱਚ ਹਿੰਦੋਸਤਾਨ ਅਤੇ ਪਾਕਿਸਤਾਨ ਦੇ ਰਾਜ ਵੀ ਹਿੱਸਾ ਲੈ ਰਹੇ ਹਨ। ਉਹ ਦਿਨੋ-ਦਿਨ ਆਪਣੇ ਆਪ ਨੂੰ ਵੱਧ ਤੋਂ ਵੱਧ ਹਥਿਆਰਾਂ ਨਾਲ ਲੈਸ ਕਰ ਰਹੇ ਹਨ। ਇਹ ਸਭ ਸ਼ਾਂਤੀ ਲਈ ਜਾਂ ਆਤਮ-ਰੱਖਿਆ ਲਈ ਨਹੀਂ ਕੀਤਾ ਜਾ ਰਿਹਾ ਸਗੋਂ ਸਾਮਰਾਜਵਾਦੀ ਦੌੜ ਵਿੱਚ ਸ਼ਾਮਿਲ ਹੋਣ ਲਈ ਅਤੇ ਹਮਲਾਵਰੀ ਜੰਗਾਂ ਛੇੜਨ ਲਈ ਕੀਤਾ ਜਾ ਰਿਹਾ ਹੈ। ਇਸ ਲਈ ਚੁਕੰਨੇ ਰਹਿ ਕੇ ਇਸ ਤਰ੍ਹਾਂ ਦੇ ਕਿਸੇ ਭਰਮ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ ਕਿ ਦੱਖਣ-ਏਸ਼ੀਆ ਦੇ ਉੱਪਰੋਂ ਜੰਗ ਦੇ ਬੱਦਲ ਹਟ ਗਏ ਹਨ।

ਮਾਰਕਸਵਾਦ-ਲੈਨਿਨਵਾਦ ਸਾਨੂੰ ਇਹ ਵੀ ਸਿਖਾਉਂਦਾ ਹੈ ਕਿ ਜਦੋਂ ਉਦਾਰਵਾਦ ਅਤੇ ਸਮਾਜਕ-ਲੋਕਤੰਤਰ, ਦੋਵੇਂ ਸਾਮਰਾਜਵਾਦੀ ਬੁਰਜੁਆਜ਼ੀ ਦੀ ਹਕੂਮਤ ਬਰਕਰਾਰ ਰੱਖਣ ਵਿੱਚ ਅਸਫ਼ਲ ਸਿੱਧ ਹੁੰਦੇ ਹਨ, ਤਾਂ ਇਹ ਫਾਸ਼ੀਵਾਦ ਦਾ ਆਸਰਾ ਲੈਂਦੀ ਹੈ ਅਤੇ ਖੁੱਲੀ ਅਤੇ ਬੇਲਗਾਮ ਹਿੰਸਾ ਰਾਹੀਂ ਆਪਣੇ ਏਕਾਧਿਕਾਰ ਨੂੰ ਬਰਕਰਾਰ ਰੱਖਣ ਦਾ ਯਤਨ ਕਰਦੀ ਹੈ। ਇਹ ਆਪਣੇ ਵਿਰੋਧੀਆਂ ਦੇ ਦਮਨ ਲਈ ਹਰ ਜ਼ਾਲਮਾਨਾ ਤਰੀਕਾ ਅਪਣਾਉਂਦੀ ਹੈ ਜਿਵੇਂ ਨਸਲਵਾਦ, ਸੰਪਰਦਾਇਕਤਾ ਅਤੇ ਰਾਜਕੀ ਦਹਿਸ਼ਤਵਾਦ। ਇਹੀ ਅੱਜ ਅਮਰੀਕਾ, ਬ੍ਰਿਟੇਨ, ਕਨੇਡਾ, ਹਿੰਦੋਸਤਾਨ ਅਤੇ ਸਮੁੱਚੀ ਦੁਨੀਆਂ ਵਿੱਚ ਹੋ ਰਿਹਾ ਹੈ।

ਸਾਥੀਓ, 15 ਅਗਸਤ 2002 ਨੂੰ, ਹਿੰਦੋਸਤਾਨ ਦੀ ਅਜ਼ਾਦੀ ਦੀ 55ਵੀਂ ਵਰ੍ਹੇਗੰਢ ਉੱਤੇ ਪ੍ਰਧਾਨ-ਮੰਤਰੀ ਵਾਜਪਾਈ ਨੇ ਹਿੰਦੋਸਤਾਨ ਦੀ ਜਨਤਾ ਨੂੰ ਸੱਦਾ ਦਿੱਤਾ ਕਿ ਉਹ ਹਿੰਦੋਸਤਾਨੀ ਰਾਜ ਦੀਆਂ "ਧਰਮ-ਨਿਰਪੱਖ ਬੁਨਿਆਦਾਂ" ਦੀ ਰੱਖਿਆ ਕਰਨ ਅਤੇ "ਭੜਕਾਉਣ ਦੀਆਂ ਕੋਸ਼ਿਸ਼ਾਂ" ਦੇ ਬਾਵਜੂਦ "ਸਹਿਨਸ਼ੀਲਤਾ" ਦਿਖਾਉਣ। ਦੂਸਰੇ ਸ਼ਬਦਾਂ ਵਿੱਚ ਪ੍ਰਧਾਨ ਮੰਤਰੀ ਦਾ ਕਹਿਣਾ ਸੀ ਕਿ ਗੁਜਰਾਤ ਦੇ ਫਿਰਕੂ ਕਤਲੇ-ਆਮ ਦਾ ਸ਼ਿਕਾਰ ਬਣੇ ਲੋਕਾਂ ਨੇ ਖੁਦ ਹੀ "ਭੜਕਾਉਣ ਦੀ ਕੋਸ਼ਿਸ਼" ਕੀਤੀ ਸੀ ਪ੍ਰਧਾਨ-ਮੰਤਰੀ ਨੇ ਹਿੰਦੋਸਤਾਨੀ ਰਾਜ ਦਾ ਗੁਣ-ਗਾਨ ਕੀਤਾ, ਅਖੇ ਹਿੰਦੋਸਤਾਨੀ ਰਾਜ ਸਹਿਣਸ਼ੀਲਤਾ ਦਿਖਾ ਰਿਹਾ ਹੈ ਤੇ ਸੱਚੀ ਧਰਮ-ਨਿਰਪੱਖਤਾ ਦੀ ਹਿਫ਼ਾਜ਼ਤ ਕਰ ਰਿਹਾ ਹੈ। ਇਹ ਦਰਅਸਲ ਸੱਚ ਨੂੰ ਸਿਰ ਪਰਨੇ ਖੜ੍ਹਾ ਕਰਨ ਦੀ ਕੋਸ਼ਿਸ਼ ਸੀ। ਹੁਣੇ-ਹੁਣੇ 25 ਅਕਤੂਬਰ ਨੂੰ ਵਾਜਪਾਈ ਜੀ ਨੇ ਐਲਾਨ ਕੀਤਾ ਹੈ ਕਿ ਗੁਜਰਾਤ ਵਿੱਚ ਜੋ ਕੁਝ ਹੋਇਆ ਹੈ, ਉਹ ਦੁਬਾਰਾ ਨਹੀਂ ਹੋਵੇਗਾ। ਅਸਿੱਧੇ ਤੌਰ ਤੇ ਪ੍ਰਧਾਨ ਮੰਤਰੀ ਇਹ ਮੰਨ ਰਹੇ ਹਨ ਕਿ ਗੁਜਰਾਤ ਦੇ ਕਤਲੇ-ਆਮ ਨੂੰ ਹੁਕਮਰਾਨ ਵਰਗ ਨੇ, ਆਪਣੇ ਰਾਜ ਦੀ ਤਾਕਤ ਰਾਹੀਂ ਹੀ ਆਯੋਜਤ ਕੀਤਾ ਸੀ।

ਅਟਲ ਬਿਹਾਰੀ ਵਾਜਪਾਈ ਅਜਿਹਾ ਕਰਨ ਤੇ ਕਹਿਣ ਵਾਲੇ ਪਹਿਲੇ ਪ੍ਰਧਾਨ ਮੰਤਰੀ

ਨਹੀਂ ਹਨ। ਇਸ ਤੋਂ ਪਹਿਲਾਂ ਵੀ ਜਦੋਂ-ਜਦੋਂ ਹਾਕਮ ਆਪਣੇ ਫਿਰਕੂ ਗੁਨਾਹਾਂ ਲਈ ਰੰਗੇ ਹੱਥ ਫੜੇ ਗਏ ਹਨ, ਉਦੋਂ-ਉਦੋਂ ਉਹਨਾਂ ਨੇ "ਸਹਿਣਸ਼ੀਲਤਾ" ਅਤੇ "ਸਦਭਾਵਨਾ" ਦਾ ਪ੍ਰਚਾਰ ਕੀਤਾ ਹੈ। ਵਾਜਪਾਈ ਜੀ ਅਜਿਹੇ ਪਹਿਲੇ ਪ੍ਰਧਾਨ-ਮੰਤਰੀ ਵੀ ਨਹੀਂ ਹਨ ਜਿਹਨਾਂ ਨੇ "ਇਹ ਦੁਬਾਰਾ ਨਹੀਂ ਹੋਵੇਗਾ" ਵਰਗਾ ਝੂਠਾ ਵਾਅਦਾ ਕੀਤਾ ਹੋਵੇ। ਦੇਸ਼ ਦੀ ਵੰਡ ਸਮੇਂ ਜਦੋਂ ਬਰਤਾਨਵੀ ਬਸਤੀਵਾਦੀਆਂ ਦੁਆਰਾ ਕਰਵਾਏ ਖ਼ੂਨ ਖਰਾਬੇ ਵਿੱਚ ਦੇਸੀ ਸਾਹਿਬਾਂ ਨੇ ਆਪਣਾ ਹਿੱਸਾ ਪਾਇਆ ਸੀ ਤਾਂ ਜਵਾਹਰ ਲਾਲ ਨਹਿਰੂ ਨੇ ਵੀ ਸਹਿਣਸ਼ੀਲਤਾ ਅਤੇ ਸਦਭਾਵਨਾ ਦਾ ਪ੍ਰਚਾਰ ਕੀਤਾ ਸੀ। ਨਹਿਰੂ ਨੇ ਵੀ ਵਾਅਦਾ ਕੀਤਾ ਸੀ ਕਿ ਇਸ ਤਰ੍ਹਾਂ ਦਾ ਖ਼ੂਨ-ਖਰਾਬਾ ਦੁਬਾਰਾ ਨਹੀਂ ਹੋਵੇਗਾ। ਇੰਦਰਾ ਗਾਂਧੀ ਨੇ ਪਹਿਲਾਂ ਐਮਰਜੈਂਸੀ ਦਾ ਐਲਾਨ ਕਰਕੇ ਆਪਣੇ ਸਭ ਵਿਰੋਧੀਆਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਤੇ ਫਿਰ ਹਿੰਦੁਸਤਾਨ ਦੇ ਸੰਵਿਧਾਨ ਦੇ ਪੂਰਵ-ਕਥਨ ਵਿੱਚ "ਧਰਮ-ਨਿਰਪੱਖ" ਸ਼ਬਦ ਜੋੜ ਦਿੱਤਾ। ਉਸਨੇ ਸਿੱਖਾਂ ਨੂੰ ਫਿਰਕੂ ਤਸੀਹੇ ਦੇਣ ਦੇ ਇੱਕ ਤਰੀਕੇ ਵਜੋਂ ਅਪਰੇਸ਼ਨ ਬਲਿਊ ਸਟਾਰ ਦੇ ਨਾਂ ਉੱਤੇ ਹਰਿਮੰਦਰ ਸਾਹਿਬ ਉੱਤੇ ਫੌਜੀ ਹਮਲਾ ਵੀ ਕੀਤਾ। ਰਾਜੀਵ ਗਾਂਧੀ ਨੇ ਕਾਨੂੰਨ ਸੋਧ ਕੇ ਸਭਨਾਂ ਰਾਜਨੀਤਕ ਪਾਰਟੀਆਂ ਲਈ ਇਹ ਲਾਜ਼ਮੀ ਕਰ ਦਿੱਤਾ ਕਿ ਉਹ ਹਿੰਦੋਸਤਾਨੀ ਰਾਜ ਦੀਆਂ ਧਰਮ-ਨਿਰਪੱਖ ਨੀਹਾਂ ਦੀ ਹਿਫ਼ਾਜ਼ਤ ਕਰਨ ਦੀ ਸਹੁੰ ਚੁੱਕਣ। ਕੀਤਾ ਇਹ ਉਦੋਂ ਜਦੋਂ ਕੁਝ ਹੀ ਸਮਾਂ ਪਹਿਲਾਂ, ਨਵੰਬਰ 1984 ਵਿੱਚ ਰਾਜੀਵ ਗਾਂਧੀ ਅਤੇ ਕਾਂਗਰਸ ਪਾਰਟੀ ਨੇ ਸਿੱਖ ਧਰਮ ਦੇ ਲੋਕਾਂ ਦਾ ਭਿਆਨਕ ਕਤਲੇ-ਆਮ ਕੀਤਾ ਸੀ ਤੇ ਫਿਰ "ਹਿੰਦੂ-ਹਿੰਦੀ-ਹਿੰਦੁਸਤਾਨ" ਦੇ ਨਾਹਰੇ ਨਾਲ ਚੋਣਾਂ ਜਿੱਤੀਆਂ ਸਨ। ਦਸੰਬਰ 1992 ਵਿੱਚ ਨਰਸਿਮਾ ਰਾਓ ਸਰਕਾਰ ਤੇ ਮੁੱਖ ਵਿਰੋਧੀ ਪਾਰਟੀ ਭਾਜਪਾ ਦੀ ਮਿਲੀ-ਭੁਗਤ ਨਾਲ ਬਾਬਰੀ ਮਸਜਿਦ ਢਾਹੀ ਗਈ ਅਤੇ ਵੱਡੇ ਪੈਮਾਨੇ ਉੱਤੇ ਫਿਰਕੂ ਕਤਲੇ-ਆਮ ਕਰਵਾਇਆ ਗਿਆ।

ਜੇ ਅਸੀਂ ਭਾਰਤੀ ਮਿਹਨਤਕਸ਼ ਜਮਾਤ ਦੇ ਪਿਛਲੇ 55 ਸਾਲ ਦੇ ਪੂਰੇ ਅਨੁਭਵ ਨੂੰ ਧਿਆਨ ਨਾਲ ਵਾਚੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਫ਼ਿਰਕਾਪ੍ਰਸਤੀ ਅਤੇ ਧਰਮ ਨਿਰਪੱਖਤਾ ਇੱਕ ਹੀ "ਵੰਡੋ ਤੇ ਰਾਜ ਕਰੋ" ਦੀ ਰਣਨੀਤੀ ਦੇ ਦੋ ਵੱਖਰੇ ਚਿਹਰੇ ਹਨ। ਇਹ ਵੀ ਸਪਸ਼ਟ ਹੈ ਕਿ ਅੱਜ ਲੋਕਾਂ ਨੂੰ ਵੰਡ ਕੇ ਰਾਜ ਕਰਨ ਦੀ ਹਿੰਦੁਸਤਾਨੀ ਸਰਮਾਏਦਾਰਾਂ ਦੀ ਇਸ ਰਣਨੀਤੀ ਦੇ ਦੋ ਹਥਕੰਡੇ ਕਾਂਗਰਸ ਪਾਰਟੀ ਅਤੇ ਭਾਜਪਾ ਹਨ।

ਭਾਜਪਾ ਅਤੇ ਕਾਂਗਰਸ ਦੋ ਸਭ ਤੋਂ ਵੱਡੀਆਂ ਪਾਰਟੀਆਂ ਹਨ ਜਿਹਨਾਂ ਨੂੰ ਹਿੰਦੋਸਤਾਨੀ ਵੱਡੇ ਸਰਮਾਏਦਾਰਾਂ ਅਤੇ ਦੁਨੀਆਂ ਦੇ ਸਭ ਤੋਂ ਵੱਡੇ ਸਾਮਰਾਜੀਆਂ ਤੋਂ ਧਨ ਅਤੇ ਹਮਾਇਤ ਪ੍ਰਾਪਤ ਹੁੰਦੇ ਹਨ। ਦੋਵੇਂ ਇੱਕ ਦੂਸਰੇ ਤੋਂ ਵੱਧ ਤੇਜ਼ੀ ਨਾਲ ਭਾਰਤੀ ਸਰਮਾਏਦਾਰਾਂ ਦੇ "ਮੁਕਤ-ਬਜ਼ਾਰ ਸੁਧਾਰਾਂ" ਨੂੰ ਲਾਗੂ ਕਰਨ ਅਤੇ ਉਹਨਾਂ ਦੇ ਸਾਮਰਾਜਵਾਦੀ ਮਨਸੂਬਿਆਂ

ਦੇ ਹਿੱਤ ਵਿੱਚ ਕੰਮ ਕਰਨ ਦੀ ਮੁਕਾਬਲੇਬਾਜ਼ੀ ਕਰ ਰਹੀਆਂ ਹਨ। ਦੋਵੇਂ ਆਪਣੇ-ਆਪਣੇ ਵੋਟ-ਬੈਂਕ ਵਿੱਚ ਵਾਧਾ ਕਰਨ ਲਈ ਫਿਰਕਾਪ੍ਰਸਤੀ ਅਤੇ ਫ਼ਿਰਕੂ-ਹਿੰਸਾ ਦੀ ਵਰਤੋਂ ਕਰਦੀਆਂ ਹਨ। ਦੋਵੇਂ ਹੀ ਲੁੱਟੇ ਜਾਂਦੇ ਮਿਹਨਤਕਸ਼ਾਂ ਦੇ ਸੰਘਰਸ਼ਾਂ ਨੂੰ ਲਹੂ ਵਿੱਚ ਵਹਾ ਦੇਣ ਲਈ ਰਾਜਕੀ ਦਹਿਸ਼ਤਵਾਦ ਦੀ ਵਰਤੋਂ ਕਰਦੀਆਂ ਹਨ ਤੇ ਇਹ ਦੋਵੇਂ ਹੀ ਧਰਮ-ਨਿਰਪੱਖਤਾ ਦੇ ਮੰਚ ਦਾ ਵੀ ਇਸਤੇਮਾਲ ਕਰਦੀਆਂ ਹਨ ਅਤੇ ਪ੍ਰਚਾਰ ਕਰਦੀਆਂ ਹਨ ਕਿ ਸਿਰਫ਼ ਹਿੰਦੋਸਤਾਨੀ ਰਾਜ ਹੀ "ਫਿਰਕੂ ਸਦਭਾਵਨਾ" ਬਣਾ ਕੇ ਰੱਖ ਸਕਦਾ ਹੈ, ਜਿਵੇਂ ਵਾਜਪਾਈ ਨੇ ਇਸ ਸਾਲ 15 ਅਗਸਤ ਨੂੰ ਕੀਤਾ।

ਬੀ. ਜੇ. ਪੀ. 'ਘੱਟ ਗਿਣਤੀਆਂ ਦੇ ਤੁਸ਼ਟੀਕਰਨ' ਦੀ ਨੀਤੀ ਲਈ ਕਾਂਗਰਸ ਦੀ ਆਲੋਚਨਾ ਕਰਦੀ ਹੈ। ਕਾਂਗਰਸ ਪਾਰਟੀ ਹਿੰਦੋਸਤਾਨੀ ਰਾਜ ਦੀਆਂ 'ਧਰਮ-ਨਿਰਪੱਖ ਬੁਨਿਆਦਾਂ' ਨੂੰ ਤਬਾਹ ਕਰਨ ਲਈ ਅਤੇ ਧਰਮ-ਨਿਰਪੱਖਤਾ ਦੇ ਸਿਧਾਂਤਾਂ ਦੀ ਉਲੰਘਣਾ ਲਈ ਬੀ. ਜੇ. ਪੀ. ਨੂੰ ਕੋਸਦੀ ਹੈ। ਸੱਤਾ ਵਿੱਚ ਰਹਿੰਦਿਆਂ ਦੋਵਾਂ ਨੇ ਹੀ ਰਾਜ-ਮਸ਼ੀਨਰੀ ਦੇ ਪੁਲਿਸ ਅਤੇ ਅਰਧ-ਸੈਨਿਕ ਬਲਾਂ ਦਾ ਫ਼ਿਰਕੂਕਰਨ ਅਤੇ ਅਪਰਾਧੀਕਰਨ ਕੀਤਾ ਹੈ। ਦੋਹਾਂ ਨੇ ਹੀ ਪਤਾ ਨਹੀਂ ਕਿੰਨੀ ਵਾਰ ਇਹਨਾਂ ਨੂੰ ਫ਼ਿਰਕੂ ਖ਼ੂਨ-ਖਰਾਬੇ ਦਾ ਹੁਕਮ ਦਿੱਤਾ ਹੈ, ਨਵੰਬਰ 1984 ਵਿੱਚ, ਦਸੰਬਰ 1992, ਜਨਵਰੀ 1993, ਮਾਰਚ 2002 ਵਿੱਚ ਵਗੈਰਾ-ਵਗੈਰਾ। ਤੇ ਹਰੇਕ ਭਿਆਨਕ ਹੱਤਿਆ ਕਾਂਡ ਕਰਵਾਉਣ ਤੋਂ ਬਾਅਦ, ਇਹਨਾਂ ਦੋਹਾਂ ਨੇ 'ਸਹਿਣਸ਼ੀਲਤਾ' ਅਤੇ 'ਫਿਰਕੂ ਸਦਭਾਵਨਾ' ਦਾ ਪ੍ਰਚਾਰ ਕੀਤਾ ਹੈ।

ਸਭ ਤੱਥ ਇਹੀ ਜ਼ਾਹਿਰ ਕਰਦੇ ਹਨ ਕਿ ਫਿਰਕਾਪ੍ਰਸਤੀ ਅਤੇ ਫਿਰਕੂ-ਹਿੰਸਾ ਹਿੰਦੋਸਤਾਨੀ ਬੁਰਜ਼ੁਆਜ਼ੀ ਦੇ ਹਿੰਦੋਸਤਾਨੀ ਲੋਕਾਂ ਉਪਰ ਕੀਤੇ ਜਾ ਰਹੇ ਹਮਲਿਆਂ ਦਾ ਹੀ ਇੱਕ ਹਿੱਸਾ ਹੈ ਅਤੇ ਹਿੰਦੋਸਤਾਨ ਰਾਜ, ਸੰਵਿਧਾਨ, ਬਹੁਪਾਰਟੀ ਪ੍ਰਤੀਨਿਧਤਾ ਵਾਲੇ ਲੋਕਤੰਤਰ ਦੀ ਰਾਜਸੀ ਪ੍ਰਕਿਰਿਆ, ਇਸ ਦੀ ਅਫ਼ਸਰਸ਼ਾਹੀ, ਫ਼ੌਜ ਅਤੇ ਪੁਲਿਸ ਪੂਰੀ ਤਰ੍ਹਾਂ ਫ਼ਿਰਕੂ ਹਨ। ਲੇਕਿਨ ਹਿੰਦੋਸਤਾਨ ਦੀ ਕਮਿਊਨਿਸਟ ਲਹਿਰ ਦਾ ਇਕ ਵੱਡਾ ਹਿੱਸਾ ਮਜ਼ਦੂਰਾਂ-ਕਿਸਾਨਾਂ ਨੂੰ ਇਸ ਨਤੀਜੇ ਤੱਕ ਪਹੁੰਚਣ ਤੋਂ ਰੋਕਣ ਦੀ ਕੋਸ਼ਿਸ਼ ਕਰ ਰਿਹਾ ਹੈ।

ਫ਼ਿਰਕੂ ਅਧਾਰ ਉੱਤੇ ਲੋਕਾਂ ਦੇ ਹਰੇਕ ਭਿਆਨਕ ਕਤਲੇਆਮ ਤੋਂ ਬਾਅਦ ਹਿੰਦੋਸਤਾਨੀ ਕਮਿਊਨਿਸਟ ਲਹਿਰ ਦਾ ਇਹ ਹਿੱਸਾ ਇਸੇ ਪ੍ਰਚਾਰ ਵਿੱਚ ਲੱਗ ਜਾਂਦਾ ਹੈ ਕਿ ਸਮੱਸਿਆ ਦੀ ਜੜ੍ਹ ਸਿਰਫ਼ ਇਕ ਜਾਂ ਦੂਸਰੀ ਰਾਜਨੀਤਕ ਪਾਰਟੀ ਹੀ ਹੈ, ਹਿੰਦੋਸਤਾਨੀ ਰਾਜ ਨਹੀਂ। ਇਹ ਕਹਿਣ ਵਾਲਿਆਂ ਅਨੁਸਾਰ, ਹਿੰਦੋਸਤਾਨੀ ਰਾਜ ਵਿੱਚ ਕੋਈ ਬੁਰਾਈ ਨਹੀਂ ਹੈ। ਯਾਨੀ ਜਿਸ ਪੂੰਜੀਵਾਦੀ ਵਿਵਸਥਾ ਦੀ ਇਹ ਰਾਜ ਰੱਖਿਆ ਕਰਦਾ ਹੈ ਤੇ ਜਿਹਨਾਂ ਚੁਣਾਵੀ ਜਾਂ ਦਮਨਕਾਰੀ ਤਰੀਕਿਆਂ ਨਾਲ ਇਹ ਰੱਖਿਆ ਕਰਦਾ ਹੈ, ਉਸ ਵਿੱਚ ਕੋਈ ਬੁਰਾਈ ਨਹੀਂ ਹੈ। ਇਹਨਾਂ ਲੋਕਾਂ ਅਨੁਸਾਰ, ਇਸ ਸਮੇਂ ਬੁਰਾਈ ਬਸ ਏਨੀ ਹੀ ਹੈ ਕਿ

ਭਾਜਪਾ ਵਰਗੀ " ਫ਼ਿਰਕੂ ਫਾਸ਼ੀਵਾਦੀ" ਪਾਰਟੀ ਕੇਂਦਰ ਸਰਕਾਰ ਦੀ ਅਗਵਾਈ ਕਰ ਰਹੀ ਹੈ।ਅਜਿਹੇ ਕਮਿਊਨਿਸਟ ਤਾਂ ਇਹਨਾਂ ਤਥਾ-ਕਥਿਤ 'ਫਿਰਕੂ ਫਾਸ਼ੀਵਾਦੀ' ਸ਼ਕਤੀਆਂ ਵਿਰੁੱਧ, ਮਜ਼ਦੂਰਾਂ-ਕਿਸਾਨਾਂ ਨੂੰ ਹਿੰਦੋਸਤਾਨੀ ਰਾਜ ਦੀ ਰੱਖਿਆ ਕਰਨ ਦਾ ਸੱਦਾ ਦੇਣ ਦੀ ਹੱਦ ਤੱਕ ਚਲੇ ਜਾਂਦੇ ਹਨ।

ਉਹ ਦਲੀਲ ਦਿੰਦੇ ਹਨ ਕਿ ਭਾਜਪਾ ਦੇ ਮੁਕਾਬਲੇ ਕਾਂਗਰਸ ਪਾਰਟੀ "ਘੱਟ ਬੁਰੀ" ਹੈ। ਸਮੱਸਿਆ ਨੂੰ ਸੁਲਝਾਉਣ ਲਈ ਉਹਨਾਂ ਦਾ ਸੁਝਾਅ ਹੈ ਕਿ 'ਫਿਰਕੂ-ਫਾਸ਼ੀਵਾਦੀ' ਭਾਜਪਾ-ਮੋਰਚੇ ਨੂੰ ਬਦਲ ਕੇ "ਧਰਮ-ਨਿਰਪੱਖ" ਕਾਂਗਰਸ ਮੋਰਚੇ ਨੂੰ ਜਾਂ ਕਿਸੇ ਹੋਰ ਗੈਰ-ਭਾਜਪਾ ਮੋਰਚੇ ਨੂੰ ਸੱਤਾ ਵਿੱਚ ਲਿਆਂਦਾ ਜਾਵੇ। ਪ੍ਰੰਤੂ 1947 ਤੋਂ ਅੱਜ ਤੀਕ, ਭਾਰਤੀ ਮਜ਼ਦੂਰਾਂ-ਕਿਸਾਨਾਂ ਦਾ ਅਨੁਭਵ ਦੱਸਦਾ ਹੈ ਕਿ ਸੱਤਾ ਵਿੱਚ ਬੈਠੀਆਂ ਪਾਰਟੀਆਂ ਦੇ ਚਿਹਰੇ ਬੇਸ਼ੱਕ ਬਦਲ ਜਾਣ, ਫਿਰਕੂ-ਹਿੰਸਾ ਦੀ ਸਮੱਸਿਆ ਜਾਤੀਵਾਦੀ ਭੇਦ ਭਾਵ ਦਾ ਮਸਲਾ ਅਤੇ ਇਨਸਾਨ ਉੱਤੇ ਅਤਿਆਚਾਰ ਦੇ ਹੋਰ ਰੂਪ ਖਤਮ ਨਹੀਂ ਹੋ ਸਕੇ ਹਨ।

"ਘੱਟ ਬੁਰਾਈ" ਚੁਣਨ ਦੀ ਦਲੀਲ ਦੇਣ ਵਾਲੇ ਮਜ਼ਦੂਰਾਂ-ਕਿਸਾਨਾਂ ਉੱਤੇ ਉਹ ਬੁਰਜ਼ੂਆ ਚੇਤਨਾ ਹੀ ਲੱਦਣਾ ਚਾਹੁੰਦੇ ਹਨ ਜਿਸ ਅਨੁਸਾਰ ਕਿਹਾ ਜਾਂਦਾ ਹੈ ਕਿ ਮਜ਼ਦੂਰ ਕਿਸਾਨ ਰਾਜ ਕਰਨ ਦੇ ਯੋਗ ਹੀ ਨਹੀਂ ਹਨ। ਪਰ ਸਵਾਲ ਇਹ ਹੈ ਕਿ ਮਜ਼ਦੂਰ-ਕਿਸਾਨ ਸਿਰਫ਼ ਵੱਖ-ਵੱਖ ਬੁਰਾਈਆਂ ਵਿੱਚੋਂ ਹੀ ਚੁਣਨ ਤੱਕ ਹੀ ਸੀਮਤ ਕਿਉਂ ਹੋਣ ? ਕਿਉਂ ਨਾ ਅਸੀਂ ਮਜ਼ਦੂਰ-ਕਿਸਾਨ ਸੰਗਠਿਤ ਹੋ ਕੇ ਇਸ ਬੁਰਾਈ ਨੂੰ, ਸਰਮਾਏਦਾਰਾਂ ਦੀ ਹਕੂਮਤ ਨੂੰ ਹੀ ਖ਼ਤਮ ਕਰ ਦੇਈਏ ? ਸਰਵਹਾਰਾ ਇਨਕਲਾਬ ਰਾਹੀਂ ਆਪਣੀ ਖੁਦ ਦੀ ਹਕੂਮਤ, ਯਾਨੀ ਮਜ਼ਦੂਰਾਂ-ਕਿਸਾਨਾਂ ਦੀ ਲੋਕਤੰਤਰਿਕ ਤਾਨਾਸ਼ਾਹੀ ਸਥਾਪਤ ਕਰਨ ਲਈ ਕਿਉਂ ਨਾ ਅਸੀਂ ਸੰਗਠਿਤ ਹੋਈਏ ? ਅੱਜ ਦੇ ਮਜ਼ਦੂਰ ਅੰਦੋਲਨ ਸਾਹਮਣੇ ਸਭ ਤੋਂ ਭਖਦਾ ਸਵਾਲ ਇਹੀ ਹੈ।

***ਸਾਥੀਓ,***

ਹਿੰਦੋਸਤਾਨ ਦੀ ਕਮਿਊਨਿਸਟ ਗਦਰ ਪਾਰਟੀ, ਅਕਤੂਬਰ 1998 ਵਿੱਚ ਹੋਈ ਆਪਣੀ ਦੂਸਰੀ ਕਾਂਗਰਸ ਵਿੱਚ ਇਸ ਸਮਝ ਉੱਤੇ ਪਹੁੰਚੀ ਸੀ ਕਿ ਹਿੰਦੋਸਤਾਨ ਅਤੇ ਦੁਨੀਆਂ ਦੇ ਹਾਲਾਤ ਨੂੰ ਵੇਖਦਿਆਂ ਇਹ ਜਾਪਦਾ ਹੈ ਕਿ ਅੱਗੇ ਵੱਡੇ-ਵੱਡੇ ਤੂਫ਼ਾਨ ਆਉਣ ਵਾਲੇ ਹਨ। ਲੈਨਿਨਵਾਦ ਸਾਨੂੰ ਇਹ ਸਿਖਾਉਂਦਾ ਹੈ ਕਿ ਇਹ ਸਾਮਰਾਜਵਾਦ ਅਤੇ ਸਰਵਹਾਰਾ ਇਨਕਲਾਬ ਦਾ ਯੁੱਗ ਹੈ। ਇਨਕਲਾਬ ਦੀ ਮੌਜੂਦਾ ਪਛਾੜ ਕੁਝ ਹੀ ਸਮੇਂ ਦੀ ਗੱਲ ਹੈ ਕਿਉਂਕਿ ਇਤਿਹਾਸ ਸਾਡੇ ਪੱਖ ਵਿੱਚ ਹੈ। ਇਤਿਹਾਸ ਮਜ਼ਦੂਰ ਵਰਗ ਅਤੇ ਇਨਕਲਾਬ ਦੇ ਪੱਖ ਵਿੱਚ ਹੈ। ਇਸ ਸਮੇਂ ਸਾਫ਼ ਨਜ਼ਰ ਆ ਰਿਹਾ ਹੈ ਕਿ ਦੁਨੀਆਂ ਭਰ ਵਿੱਚ ਸਭ ਮੁੱਖ

ਅੰਤਰ-ਵਿਰੋਧ ਤਿੱਖੇ ਹੋ ਰਹੇ ਹਨ। ਇਸ ਤੋਂ ਲਗਦਾ ਹੈ ਕਿ ਫ਼ਿਰ ਤੋਂ ਇੱਕ ਤੂਫ਼ਾਨ ਆਉਣ ਵਾਲਾ ਹੈ। ਪ੍ਰੰਤੂ ਲੈਨਿਨਵਾਦ ਇਹ ਵੀ ਸਿਖਾਉਂਦਾ ਹੈ ਕਿ ਤੂਫ਼ਾਨ, ਚਾਹੇ ਕਿੰਨਾ ਵੀ ਇਨਕਲਾਬੀ ਕਿਉਂ ਨਾ ਹੋਵੇ, ਸਾਨੂੰ ਇਨਕਲਾਬ ਦੀ ਜਿੱਤ ਤੱਕ ਪਹੁੰਚਾ ਵੀ ਸਕਦਾ ਹੈ ਤੇ ਹਾਰ ਵੀ ਸਕਦਾ ਹੈ। ਇਨਕਲਾਬ ਦੀ ਜਿੱਤ ਮਜ਼ਦੂਰ ਵਰਗ ਦੀ ਚੇਤਨਾ ਅਤੇ ਉਸਦੀ ਹਿਰਾਵਲ ਦਸਤਾ ਪਾਰਟੀ ਦੀ ਸੰਗਠਨ ਸਮਰੱਥਾ ਉੱਤੇ ਹੀ ਨਿਰਭਰ ਕਰਦੀ ਹੈ।

ਹਿੰਦੋਸਤਾਨ ਦੇ ਲੱਖਾਂ-ਕਰੋੜਾਂ ਮਿਹਨਤਕਸ਼ ਹੁਣ ਇਹ ਗੱਲ ਸਮਝਣ ਲੱਗੇ ਹਨ ਕਿ ਜਿਥੋਂ ਤੱਕ ਪੂੰਜੀਵਾਦ ਅਤੇ ਪੂੰਜੀਵਾਦੀ ਸੁਧਾਰਾਂ ਵਿਰੁੱਧ ਸੰਘਰਸ਼ ਦਾ ਸਵਾਲ ਹੈ, ਉਸ ਵਿੱਚ ਵੋਟ ਪਾਉਣ ਦੇ ਅਧਿਕਾਰ ਦਾ ਕੋਈ ਅਰਥ ਨਹੀਂ ਹੈ। ਨਿੱਜੀਕਰਨ ਦੇ ਖਿਲਾਫ਼ ਅਤੇ ਮਜ਼ਦੂਰਾਂ ਦੇ ਹਿੱਤਾਂ ਦੀ ਰੱਖਿਆ ਲਈ ਮਜ਼ਦੂਰਾਂ ਵਿੱਚ ਏਕਤਾ ਉਸਰ ਰਹੀ ਹੈ। ਵੱਖ-ਵੱਖ ਪਾਰਟੀਆਂ ਨਾਲ ਜੁੜੇ ਮਜ਼ਦੂਰ ਇਕੱਠੇ ਹੋ ਕੇ ਲੜ ਰਹੇ ਹਨ। ਸਭ ਕਿਸਾਨ ਅਤੇ ਕਿਸਾਨ ਜਥੇਬੰਦੀਆਂ ਵਿਦੇਸ਼ੀ ਪੂੰਜੀ ਦੇ ਦਾਖਲੇ ਅਤੇ ਡਬਲਿਊ. ਟੀ. ਓ. ਦੇ ਦਬਾਵਾਂ ਦੇ ਖਿਲਾਫ਼ ਅਵਾਜ਼ ਉਠਾ ਰਹੇ ਹਨ। ਇਸ ਸਮੇਂ ਦੌਰਾਨ ਤਿੰਨੋਂ ਪਾਰਲੀਮੈਂਟਰੀ ਗਠਜੋੜ, ਭਾਜਪਾ ਮੋਰਚਾ, ਕਾਂਗਰਸ ਮੋਰਚਾ ਅਤੇ ਤੀਸਰਾ ਮੋਰਚਾ, ਜੋ ਸੱਤਾ ਵਿੱਚ ਰਹੇ ਹਨ, ਉਹਨਾਂ ਬਾਰੇ ਮਿਹਨਤਕਸ਼ਾਂ ਦਾ ਅਨੁਭਵ ਇਹੀ ਦਰਸਾਉਂਦਾ ਹੈ ਕਿ ਇਹਨਾਂ ਤਿੰਨਾਂ ਪਿੱਛੇ ਬੁਰਜ਼ੂਆ ਜਮਾਤ ਦੇ ਹੀ ਹਿੱਤ ਹਨ ਅਤੇ ਇਹਨਾਂ ਤਿੰਨਾਂ ਦਾ ਇੱਕ ਹੀ ਸਾਂਝਾ ਪ੍ਰੋਗਰਾਮ ਹੈ ਕਿ ਕਿਸ ਤਰ੍ਹਾਂ ਵੱਡੇ ਸਰਮਾਏਦਾਰਾਂ ਨੂੰ ਹੋਰ ਅਮੀਰ ਕੀਤਾ ਜਾਵੇ।

ਹੁਕਮਰਾਨਾਂ ਦੁਆਰਾ ਗੁਜਰਾਤ ਵਿੱਚ ਕੀਤੇ ਯੋਜਨਾਬੱਧ ਕਤਲੇਆਮ ਤੋਂ ਬਾਅਦ, ਸਮਾਜ ਦੇ ਸਾਰੇ ਤਬਕਿਆਂ ਦੇ ਲੋਕ ਹੁਣ ਸਪਸ਼ਟ ਸਮਝ ਰਹੇ ਹਨ ਕਿ ਹਿੰਦੋਸਤਾਨੀ ਰਾਜ, ਲੋਕਾਂ ਨੂੰ ਸੁਰੱਖਿਆ ਦੇਣ ਦੀ ਥਾਂ, ਖੁਦ ਲੋਕਾਂ ਦੀ ਜ਼ਿੰਦਗੀ ਅਤੇ ਸਮਾਜ ਦੀ ਸੁਰੱਖਿਆ ਲਈ ਸਭ ਤੋਂ ਵੱਡਾ ਖਤਰਾ ਬਣ ਗਿਆ ਹੈ। ਲੋਕਾਂ ਨੂੰ ਉਹਨਾਂ ਦੇ ਅਧਿਕਾਰ ਦੇਣ ਦੀ ਥਾਂ, ਇਹ ਰਾਜ ਖੁਦ ਲੋਕਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ ਅਤੇ ਕਾਤਲਾਂ-ਮੁਜਰਿਮਾਂ ਦੀ ਰੱਖਿਆ ਕਰਦਾ ਹੈ।

ਹਿੰਦੋਸਤਾਨੀ ਮਜ਼ਦੂਰ ਵਰਗ ਸੰਘਰਸ਼ ਕਰ ਰਿਹਾ ਹੈ ਅਤੇ ਸਭਨਾਂ ਸੰਘਰਸ਼ਸ਼ੀਲ ਸ਼ਕਤੀਆਂ ਨਾਲ ਏਕਤਾ ਕਰਨ ਦਾ ਯਤਨ ਕਰ ਰਿਹਾ ਹੈ, ਆਪਣੀ ਜ਼ਿੰਦਗੀ ਦੇ ਅਨੁਭਵਾਂ ਰਾਹੀਂ ਹੀ ਇਸ ਦੀ ਚੇਤਨਾ ਵਧ ਰਹੀ ਹੈ ਪ੍ਰੰਤੂ ਇਸ ਨੂੰ ਸਹੀ ਨਤੀਜਿਆਂ ਤੇ ਪਹੁੰਚਣ ਅਤੇ ਆਪਣੇ ਵਰਗ ਦੇ ਹਿੱਤਾਂ ਖਾਤਰ ਲੜਨ ਲਈ ਸੰਗਠਿਤ ਹੋਣ ਤੋਂ ਰੋਕਿਆ ਜਾ ਰਿਹਾ ਹੈ। ਮਜ਼ਦੂਰ ਵਰਗ ਨੂੰ ਖੁਦ ਇੱਕ ਅਜ਼ਾਦ ਸਿਆਸੀ ਸ਼ਕਤੀ ਵਜੋਂ ਉਭਰਨ ਤੋਂ ਰੋਕਿਆ ਜਾ ਰਿਹਾ ਹੈ। ਉਸ ਨੂੰ ਰੋਕਣ ਵਾਲੇ ਕਮਿਊਨਿਸਟ ਲਹਿਰ ਅੰਦਰਲੇ ਉਹ ਦਲ ਹਨ ਜੋ ਕਹਿੰਦੇ ਹਨ ਕਿ ਇਸ ਸਮੇਂ ਫੌਰੀ ਸੰਘਰਸ਼ " ਧਰਮ-ਨਿਰਪੱਖਤਾ ਅਤੇ "ਸੰਪਰਦਾਇਕਤਾ" ਦਰਮਿਆਨ ਹੈ

ਅਤੇ ਸਾਨੂੰ ਹਿੰਦੋਸਤਾਨੀ ਰਾਜ ਦੀਆਂ ਧਰਮ-ਨਿਰਪੱਖਤਾ ਦੀਆਂ ਬੁਨਿਆਦਾਂ ਦੀ ਹਿਫਾਜ਼ਤ ਕਰਨੀ ਚਾਹੀਦੀ ਹੈ।

ਜੇਕਰ ਹਿੰਦੋਸਤਾਨੀ ਰਾਜ ਦੀ ਬੁਨਿਆਦ ਫ਼ਿਰਕੂ ਨਹੀਂ ਹੈ ਤਾਂ ਵਾਰ-ਵਾਰ ਫ਼ਿਰਕੂ ਹਿੰਸਾ ਕਿਉਂ ਹੁੰਦੀ ਹੈ ? ਕੀ ਹਿੰਦੋਸਤਾਨੀ ਲੋਕ ਪੱਛੜੇ ਹੋਏ ਅਤੇ ਫਿਰਕੂ ਹਨ ? ਜੇਕਰ ਇਹ ਕਿਹਾ ਜਾਂਦਾ ਹੈ ਕਿ ਹਿੰਦੋਸਤਾਨੀ ਰਾਜ ਧਰਮ-ਨਿਰਪੱਖ ਅਤੇ ਫਿਰਕਾਪ੍ਰਸਤੀ-ਵਿਰੋਧੀ ਹੈ ਤਾਂ ਅਸੀਂ ਇਸੇ ਨਤੀਜੇ ਤੱਕ ਹੀ ਪਹੁੰਚ ਸਕਦੇ ਹਾਂ ਕਿ ਲੋਕਾਂ ਦੀ ਸੋਚ ਪੱਛੜੀ ਹੋਈ ਹੈ ਅਤੇ ਉਹ ਧਰਮ ਦੇ ਅਧਾਰ ਉੱਤੇ ਵੰਡੇ ਹੋਏ ਹਨ। ਫ਼ਿਰ ਸਾਨੂੰ ਇਹ ਕਹਿਣਾ ਪਵੇਗਾ ਕਿ "ਸ਼ਾਂਤੀ ਅਤੇ ਫ਼ਿਰਕੂ ਸਦਭਾਵਨਾ" ਕਾਇਮ ਕਰਨ ਲਈ ਹਿੰਦੋਸਤਾਨੀ ਰਾਜ ਉੱਤੇ ਹੀ ਨਿਰਭਰ ਹੋਇਆ ਜਾ ਸਕਦਾ ਹੈ। ਇਸ ਤਰ੍ਹਾਂ ਦਾ ਤਰਕ ਪੇਸ਼ ਕਰਨ ਵਾਲੇ ਕਮਿਊਨਿਸਟ ਉਸੇ ਝੂਠ ਨੂੰ ਦੁਹਰਾਅ ਰਹੇ ਹਨ ਜੋ ਹਿੰਦੋਸਤਾਨ ਦੇ ਬਸਤੀਵਾਦੀ ਹਾਕਮਾਂ ਨੇ ਫੈਲਾਇਆ ਸੀ। ਉਹ ਉਸੇ ਝੂਠ ਨੂੰ ਦੁਹਰਾਅ ਰਹੇ ਹਨ ਜੋ ਗੱਦਾਰ ਹਿੰਦੋਸਤਾਨੀ ਬੁਰਜ਼ੁਆਜ਼ੀ ਵਰ੍ਹਿਆਂ ਤੋਂ ਬੋਲ ਰਿਹਾ ਹੈ।

ਮਜ਼ਦੂਰ ਵਰਗ ਅੰਦੋਲਨ ਦੀ ਕਮਜ਼ੋਰੀ ਅਤੇ ਫੁੱਟ ਕਾਰਨ ਦੱਖਣ ਏਸ਼ੀਆ ਵਿੱਚ ਫਾਸ਼ੀਵਾਦ ਅਤੇ ਜੰਗ ਦਾ ਖਤਰਾ ਵਧ ਰਿਹਾ ਹੈ। ਇਸ ਲਈ ਇਹ ਲਾਜ਼ਮੀ ਹੋ ਗਿਆ ਹੈ ਕਿ ਹਿੰਦੋਸਤਾਨ ਦੇ ਕਮਿਊਨਿਸਟ, ਧਰਮ ਨਿਰਪੱਖਤਾ ਅਤੇ ਫ਼ਿਰਕਾਪ੍ਰਸਤੀ ਦੀ ਸ਼ੁਰੂਆਤ ਅਤੇ ਇਹਨਾਂ ਦੇ ਅਸਲੀ ਸਰੋਤਾਂ ਬਾਰੇ ਫੈਲਾਈਆਂ ਜਾ ਰਹੀਆਂ ਗਲਤ ਫਹਿਮੀਆਂ ਨੂੰ ਮਜ਼ਬੂਤੀ ਨਾਲ ਰੱਦ ਕਰ ਦੇਣ। "ਧਰਮ ਨਿਰਪੱਖਤਾ ਅਤੇ ਫ਼ਿਰਕਾਪ੍ਰਸਤੀ ਦਰਮਿਆਨ ਮੁੱਖ ਸੰਘਰਸ਼" ਦੀ ਲਾਈਨ ਦੇ ਪ੍ਰਭਾਵਾਂ ਦਾ ਡਟਕੇ ਮੁਕਾਬਲਾ ਕਰਨਾ ਅਤੇ ਉਸਨੂੰ ਹਰਾਉਣਾ ਲਾਜ਼ਮੀ ਹੋ ਗਿਆ ਹੈ। ਤਾਂ ਹੀ ਮਜ਼ਦੂਰ ਵਰਗ ਆਪਣੀ ਇਨਕਲਾਬੀ ਭੂਮਿਕਾ ਨਿਭਾ ਸਕਦਾ ਹੈ।

***ਸਾਥੀਓ,***

ਧਰਮ ਨਿਰਪੇਖੀਕਰਨ ਦਾ ਅਰਥ ਹੈ, ਸਮਾਜਕ ਅਤੇ ਰਾਜਨੀਤਕ ਮਾਮਲਿਆਂ ਵਿੱਚ ਧਰਮ ਦੀ ਪ੍ਰਧਾਨਤਾ ਦੇ ਅਸਰ ਨੂੰ ਹੌਲੀ-ਹੌਲੀ ਖਤਮ ਕਰਨਾ। ਸਾਡੇ ਸਮਾਜ ਵਿੱਚ ਧਰਮ ਦੀ ਪ੍ਰਧਾਨਤਾ ਦੇ ਖਿਲਾਫ਼, ਪਿਛਾਂਹ-ਖਿੱਚੂ ਰਿਵਾਜਾਂ ਅਤੇ ਕੱਟੜ ਬ੍ਰਾਹਮਣਵਾਦੀ ਜਾਤੀ ਪ੍ਰਥਾ ਦੇ ਖਿਲਾਫ਼ ਸੰਘਰਸ਼ ਦਾ ਲੰਬਾ ਇਤਿਹਾਸ ਰਿਹਾ ਹੈ। 15ਵੀਂ ਅਤੇ 16ਵੀਂ ਸਦੀ ਵਿੱਚ ਚੱਲੀ ਭਗਤੀ ਲਹਿਰ ਅਤੇ ਸੂਫ਼ੀ ਲਹਿਰ ਦੇ ਅਨੁਭਵ ਵੀ ਇਸ ਵਿੱਚ ਸ਼ਾਮਲ ਹਨ। ਹਾਲਾਂਕਿ ਉਹਨਾਂ ਦੇ ਵਿਚਾਰਾਂ ਦੁਆਲੇ ਇੱਕ ਧਾਰਮਿਕ ਉਛਾੜ ਹੀ ਸੀ ਪ੍ਰੰਤੂ ਸਾਰ-ਤੱਤ ਵਿੱਚ ਇਹ ਲਹਿਰਾਂ ਹਰੇਕ ਵਿਅਕਤੀ ਨੂੰ ਜ਼ਮੀਰ ਦੇ ਅਧਿਕਾਰ ਦੀ ਮੰਗ ਕਰਦੀਆਂ ਸਨ

ਤਾਂ ਕਿ ਬ੍ਰਾਹਮਣਵਾਦ, ਮੁੱਲਾਵਾਦ ਜਾਂ ਕਿਸੇ ਵੀ ਤਰਾਂ ਦੇ ਧਾਰਮਿਕ ਕੱਟੜਤਾਵਾਦ ਤੋਂ ਮੁਕਤ ਹੋਕੇ ਚੱਲਿਆ ਜਾ ਸਕੇ।

ਸਾਡੇ ਸਮਾਜ ਦੇ ਵਿਕਾਸ ਵਿੱਚ ਕਾਫ਼ੀ ਪਹਿਲਾਂ ਤੋਂ ਹੀ ਇਹ ਰਾਜਨੀਤਕ ਸਿਧਾਂਤ ਸਥਾਪਤ ਕੀਤਾ ਗਿਆ ਸੀ ਕਿ ਰਾਜ ਦਾ ਫਰਜ਼ ਸਮਾਜ ਦੇ ਸਭਨਾਂ ਮੈਂਬਰਾਂ ਨੂੰ ਸੁੱਖ ਅਤੇ ਸੁਰੱਖਿਆ ਦੇਣਾ ਹੈ, ਫ਼ਿਰ ਹੀ ਉਸ ਰਾਜ ਦੇ ਅਧਿਕਾਰ ਨੂੰ ਮੰਨਿਆ ਜਾ ਸਕਦਾ ਹੈ। ਪ੍ਰੰਤੂ ਜਦੋਂ ਜਾਤੀ-ਪ੍ਰਥਾ ਨੂੰ ਸਮਾਜ ਵਿੱਚ ਸਥਾਪਤ ਕਰ ਦਿੱਤਾ ਗਿਆ ਅਤੇ ਇਹ ਪ੍ਰਥਾ ਸਮਾਜ ਵਿੱਚ ਵਰਗ-ਭੇਦਭਾਵ ਨੂੰ ਬਰਕਰਾਰ ਰੱਖਣ ਦਾ ਅਧਾਰ ਬਣ ਗਈ, ਤਾਂ ਸੁੱਖ ਅਤੇ ਸੁਰੱਖਿਆ ਦੀ ਪ੍ਰੀਭਾਸ਼ਾ ਹੀ ਬਦਲ ਗਈ। ਤਥਾ ਕਥਿਤ ਨੀਵੀਂ ਜਾਤੀ ਦੇ ਪਰਿਵਾਰ ਵਿੱਚ ਜਨਮੇਂ ਵਿਅਕਤੀ ਲਈ ਸੁੱਖ ਦਾ ਮਤਲਬ ਬਣਿਆ, ਸਿਰਫ਼ ਆਪਣੀ ਜਨਮ-ਜਾਤ ਕੰਮ ਕਰਨ ਦਾ ਮੌਕਾ। ਜਦੋਂ ਤੱਕ ਉਸਨੂੰ ਅਖੌਤੀ ਉੱਚੀ ਜਾਤ ਦੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲਦਾ, ਉਸਨੂੰ ਸੁਖੀ ਮੰਨਿਆ ਜਾਂਦਾ। ਸਮਾਜ ਵਿੱਚ ਜਾਤੀ ਪ੍ਰਥਾ ਨੂੰ ਬਣਾਈ ਰੱਖਣਾ ਰਾਜ ਦਾ ਮੁੱਖ ਕੰਮ ਬਣ ਗਿਆ। ਯਾਨੀ ਸਮਾਜ ਦੋ ਹਿੱਸਿਆਂ ਵਿੱਚ ਵੰਡਿਆ ਗਿਆ, ਇੱਕ ਹਿੱਸੇ ਵਿੱਚ ਉਹ ਲੋਕ ਜਿਹਨਾਂ ਕੋਲ ਸਾਰੇ ਅਧਿਕਾਰ ਸਨ, ਤੇ ਦੂਸਰੇ ਹਿੱਸੇ ਵਿੱਚ ਉਹ ਲੋਕ ਜਿਹਨਾਂ ਦੇ ਸਿਰਫ਼ ਫਰਜ਼ ਸਨ ਪਰ ਕੋਈ ਅਧਿਕਾਰ ਨਹੀਂ ਸੀ। ਅਜਿਹਾ ਪ੍ਰਬੰਧ ਜਿਸ ਵਿੱਚ ਇਨਸਾਨਾਂ ਦੇ ਅਧਿਕਾਰਾਂ ਨੂੰ ਨਕਾਰਿਆ ਜਾਂਦਾ ਸੀ, ਜਿਸ ਵਿੱਚ ਹਰੇਕ ਵਿਅਕਤੀ ਦੇ ਆਪਣੀ ਜ਼ਮੀਰ ਅਨੁਸਾਰ ਚੱਲਣ ਦੇ ਅਧਿਕਾਰ ਨੂੰ ਨਕਾਰਿਆ ਜਾਂਦਾ ਸੀ, ਅਜਿਹੇ ਪ੍ਰਬੰਧ ਦੇ ਖਿਲਾਫ਼ ਹੀ ਭਗਤਾਂ ਤੇ ਸੂਫ਼ੀਆਂ ਨੇ ਵਿਦਰੋਹ ਕੀਤਾ ਸੀ।

18ਵੀਂ 19ਵੀਂ ਸਦੀ ਦੇ ਯੂਰਪ ਵਿੱਚ ਸਮਾਜ ਦੇ ਧਰਮ ਨਿਰਪੇਖੀ ਕਰਨ ਦਾ ਜੋ ਸੰਘਰਸ਼ ਚੱਲਿਆ ਸੀ, ਉਸਦੀ ਅਗਵਾਈ ਬੁਰਜ਼ੁਆਜੀ ਨੇ ਹੀ ਕੀਤੀ ਸੀ। ਉਸ ਸਮੇਂ ਬੁਰਜੁਆਜ਼ੀ ਇੱਕ ਪ੍ਰਗਤੀਸ਼ੀਲ ਜਮਾਤ ਸੀ ਜੋ ਸਾਮੰਤੀ ਅਤੇ ਧਾਰਮਿਕ ਪ੍ਰਧਾਨਤਾ ਦੇ ਖਿਲਾਫ਼ ਲੜ ਰਹੀ ਸੀ। ਉਸ ਸਮੇਂ ਦੀਆਂ ਪ੍ਰਗਤੀਸ਼ੀਲ ਸ਼ਕਤੀਆਂ ਨੇ ਰਾਜ ਦੇ ਮਾਮਲਿਆਂ ਵਿੱਚ ਧਰਮ ਅਤੇ ਗਿਰਜੇ ਦੀ ਪ੍ਰਧਾਨਤਾ ਅਤੇ ਅਸਰ ਨੂੰ ਦੂਰ ਕਰਨ ਲਈ ਸੰਘਰਸ਼ ਕੀਤਾ ਸੀ। ਉਹਨਾਂ ਨੇ ਇਹ ਮੰਗ ਕੀਤੀ ਸੀ ਕਿ ਸਮਾਜ ਵਿੱਚ ਕਾਨੂੰਨ ਬਣਾਉਣ ਦਾ ਅਧਾਰ ਤਰਕ ਅਤੇ ਵਿਗਿਆਨ ਹੋਣਾ ਚਾਹੀਦਾ ਹੈ। ਇਹ ਸੰਘਰਸ਼ ਸਾਮੰਤਵਾਦੀ ਪ੍ਰਧਾਨਤਾ ਦੇ ਖਿਲਾਫ਼ ਸਮਾਜਕ ਕ੍ਰਾਂਤੀ ਦੀ ਵਿਚਾਰਧਾਰਕ ਝਲਕ ਸੀ ਜਿਵੇਂ ਕਿ ਮਾਰਕਸ ਅਤੇ ਏਂਗਲਜ਼ ਨੇ ਸਮਝਾਇਆ ਹੈ, *"18ਵੀਂ ਸਦੀ ਵਿੱਚ ਫਰਾਂਸੀਸੀ ਗਿਆਨਕਰਣ ਖਾਸ ਕਰ ਫਰਾਂਸੀਸੀ ਭੌਤਿਕਵਾਦ, ਸਿਰਫ਼ ਮੌਜੂਦ ਰਾਜਨੀਤਕ ਸੰਸਥਾਵਾਂ ਅਤੇ ਧਾਰਮਿਕ ਸੋਚ ਦੇ ਖਿਲਾਫ਼ ਸੰਘਰਸ਼ ਹੀ ਨਹੀਂ ਸੀ, ਸਗੋਂ 17ਵੀਂ ਸਦੀ ਦੀ ਪਰਾ-ਭੌਤਿਕਤਾ ਅਤੇ ਸਭ ਪਰਾ-ਭੌਤਿਕਤਾਵਾਂ ਦੇ ਖਿਲਾਫ਼ ਖੁੱਲ੍ਹਾ ਸੰਘਰਸ਼ ਸੀ।"* ('ਦ ਹੋਲੀ ਫੈਮਿਲੀ')

ਪ੍ਰੰਤੂ ਬੁਰਜੂਆਜ਼ੀ ਯੂਰਪ ਵਿੱਚ ਵਧੇਰੇ ਸਮੇਂ ਤੱਕ ਪ੍ਰਗਤੀਸ਼ੀਲ ਨਹੀਂ ਰਹੀ, ਬਸਤੀਆਂ ਵਿੱਚ ਤਾਂ ਬਿਲਕੁਲ ਹੀ ਨਹੀਂ। 1825 ਤੋਂ ਸ਼ੁਰੂ ਹੋ ਕੇ, ਜਦੋਂ ਪੂੰਜੀਵਾਦ ਵੱਧ-ਉਤਪਾਦਨ ਦੇ ਸੰਕਟ ਵਿੱਚ ਫਸਿਆ ਤਾਂ ਧਰਮ ਨਿਰਪੇਖੀਕਰਨ ਦੇ ਅੰਦੋਲਨ ਵਿੱਚ ਜੋ ਪ੍ਰਗਤੀਸ਼ੀਲ ਵਿਚਾਰ ਨਿੱਕਲੇ ਸਨ, ਉਹਨਾਂ ਨੂੰ ਧਰਮ-ਨਿਰਪੱਖਤਾ ਦੇ ਫਲਸਫ਼ੇ ਵਿੱਚ ਬਦਲ ਦਿੱਤਾ ਗਿਆ। ਧਰਮ-ਨਿਰਪੱਖਤਾ ਦਾ ਇਹ ਫਲਸਫ਼ਾ ਰਾਜਨੀਤੀ ਵਿੱਚ ਉਦਾਰਵਾਦ ਅਤੇ ਕਰਮ ਵਿੱਚ ਪ੍ਰੋਟੈਸਟੈਂਟਇਜ਼ਮ ਦੇ ਨਾਲ-ਨਾਲ ਚੱਲਿਆ। ਤੇ ਜਦੋਂ 19ਵੀਂ ਸਦੀ ਦੇ ਅੰਤ ਵਿੱਚ ਪੂੰਜੀਵਾਦ ਵਿਕਸਤ ਹੋ ਕੇ ਆਪਣਾ ਸਭ ਤੋਂ ਉੱਚਾ ਰੂਪ, ਸਾਮਰਾਜਵਾਦ ਬਣ ਗਿਆ ਤਾਂ ਬੁਰਜੂਆਜ਼ੀ ਨੇ ਇਹ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ ਕਿ ਧਰਮ ਵੀ ਰਾਜ ਦੀ ਹੀ ਜ਼ਿੰਮੇਵਾਰੀ ਹੈ।

ਜਦੋਂ 17ਵੀਂ ਸਦੀ ਦੇ ਇੰਗਲੈਂਡ ਵਿੱਚ ਵਪਾਰੀਆਂ, ਉਦਯੋਗਪਤੀਆਂ ਅਤੇ ਵੱਡੇ ਜ਼ਿਮੀਦਾਰ ਘਰਾਣਿਆਂ ਦਰਮਿਆਨ ਸਮਝੌਤਾ ਹੋਇਆ ਤਾਂ ਫਰੈਡਰਿਕ ਏਂਗਲਜ਼ ਨੇ ਇੰਗਲਿਸ਼ ਪੂੰਜੀਪਤੀ ਬਾਰੇ ਲਿਖਿਆ ਸੀ, *"ਉਹ ਖੁਦ ਧਾਰਮਿਕ ਸੀ। ਉਸਦਾ ਧਰਮ ਹੀ ਉਸਦਾ ਮਾਪਦੰਡ ਸੀ ਜਿਸ ਅਨੁਸਾਰ ਉਸਨੇ ਰਾਜਾ ਅਤੇ ਜ਼ਿਮੀਦਾਰ ਦੇ ਖਿਲਾਫ਼ ਸੰਘਰਸ਼ ਕੀਤਾ ਸੀ। ਉਸਨੂੰ ਇਹ ਸਮਝਣ ਵਿੱਚ ਦੇਰ ਨਾ ਲੱਗੀ ਕਿ ਇਸੇ ਧਰਮ ਦੀ ਵਰਤੋਂ ਕਰਕੇ ਉਹ ਆਪਣੇ ਤੋਂ ਨੀਵੇਂ ਲੋਕਾਂ ਨੂੰ ਦਬਾ ਸਕਦਾ ਸੀ। ਯਾਨੀ ਅੰਗਰੇਜ਼ ਪੂੰਜੀਪਤੀ ਨੂੰ ਹੁਣ 'ਨੀਚ ਲੋਕਾਂ' ਜੋ ਦੇਸ਼ ਦੀ ਵਿਸ਼ਾਲ ਉਤਪਾਦਕ ਜਨਤਾ ਸੀ, ਨੂੰ ਦਬਾਉਣ ਦਾ ਕੰਮ ਕਰਨਾ ਪਿਆ ਅਤੇ ਅਜਿਹਾ ਕਰਨ ਦੇ ਸਾਧਨਾਂ ਵਿੱਚੋਂ ਇੱਕ ਧਰਮ ਦਾ ਅਸਰ ਸੀ।" (ਸੋਸ਼ਲਿਜ਼ਮ, ਯੂਟੋਪੀਅਨ ਐਂਡ ਸਾਇੰਟਿਫ਼ਿਕ)*

ਬਰਤਾਨਵੀ ਬਸਤੀਵਾਦੀਆਂ ਨੇ ਹਿੰਦੋਸਤਾਨ ਉੱਤੇ ਆਪਣੀ ਹਕੂਮਤ ਸਥਾਪਤ ਕਰਨ ਲਈ ਏਥੇ ਜੋ ਕੁਝ ਵੀ ਪ੍ਰਗਤੀਸ਼ੀਲ ਸੀ, ਉਸ ਨੂੰ ਕੁਚਲ ਦਿੱਤਾ। ਉਹਨਾਂ ਸਮਾਜ ਦੀਆਂ ਸਭ ਤੋਂ ਪਿਛਾਂਹ-ਖਿੱਚੂ ਤਾਕਤਾਂ ਨਾਲ ਹੱਥ ਮਿਲਾਇਆ ਅਤੇ ਗਿਆਨਕਰਨ ਦੇ ਸਭ ਰਸਤੇ ਬੰਦ ਕਰ ਦਿੱਤੇ। ਉਹਨਾਂ ਜੇਂਟੂ ਕੋਡ ਲਾਗੂ ਕਰਕੇ ਘਿਨਾਉਣੀ ਜਾਤੀ-ਪ੍ਰਥਾ ਅਤੇ ਉਹਨਾਂ ਸਾਰੇ ਪਿਛਾਂਹ-ਖਿਚੂ ਰਿਵਾਜਾਂ ਨੂੰ ਵੈਧਾਨਿਕਤਾ ਦੇ ਦਿੱਤੀ, ਜਿਹਨਾਂ ਖਿਲਾਫ਼ ਲੋਕ ਲੜ ਰਹੇ ਸਨ। ਹੋਰਨਾਂ ਚੀਜ਼ਾਂ ਤੋਂ ਇਲਾਵਾ ਜੇਂਟੂ ਕੋਡ ਵਿੱਚ ਕਿਹਾ ਗਿਆ, "ਇਹ ਔਰਤ ਲਈ ਉਚਿਤ ਹੀ ਹੈ ਕਿ ਉਹ ਆਪਣੇ ਪਤੀ ਦੀ ਮੌਤ ਪਿਛੋਂ ਉਸਦੀ ਲਾਸ਼ ਨਾਲ ਖੁਦ ਵੀ ਅੱਗ ਵਿੱਚ ਸੜ ਜਾਵੇ। ਜੋ ਔਰਤ ਖੁਦ ਇਸ ਤਰਾਂ ਸੜ ਜਾਂਦੀ ਹੈ ਉਸਦਾ 3 ਕਰੋੜ 50 ਲੱਖ ਸਾਲਾਂ ਤੱਕ ਆਪਣੇ ਪਤੀ ਨਾਲ ਸਵਰਗਾਂ ਵਿੱਚ ਰਹਿਣਾ ਲਿਖਿਆ ਹੋਇਆ ਹੈ।" ਇਹ ਸਾਰਾ ਕੁਝ "ਦੇਸੀ ਰਿਵਾਜਾਂ" ਨੂੰ "ਬਰਦਾਸ਼ਤ" ਕਰਨ ਦੇ ਬਹਾਨੇ ਨਾਲ ਕੀਤਾ ਗਿਆ ਸੀ।

1857 ਦੀ ਅਜ਼ਾਦੀ ਦੀ ਪਹਿਲੀ ਜੰਗ ਵਿੱਚ ਇਸ ਉਪ-ਮਹਾਂਦੀਪ ਦੇ ਲੋਕਾਂ ਦੀਆਂ ਸਭ ਤੋਂ ਸ਼ਾਨਦਾਰ ਪਰੰਪਰਾਵਾਂ ਸਾਹਮਣੇ ਆਈਆਂ। ਪੂਰੇ ਹਿੰਦੋਸਤਾਨ ਦੇ ਲੋਕ, ਸਭ ਧਰਮਾਂ ਨਾਲ ਸੰਬੰਧ ਰੱਖਣ ਵਾਲੇ ਲੋਕ, ਬਸਤੀਵਾਦੀ ਹਕੂਮਤ ਤੋਂ ਮੁਕੰਮਲ ਨਜਾਤ ਅਤੇ ਅਜ਼ਾਦੀ ਦੇ ਸਾਂਝੇ ਉਦੇਸ਼ ਲਈ ਇਕੱਠੇ ਹੋਏ ਤੇ ਲੜੇ, ਇਹ ਅਜਿਹਾ ਜਨਤਕ ਵਿਦਰੋਹ ਸੀ ਜਿਸਨੇ ਹਿੰਦੋਸਤਾਨ ਵਿੱਚ ਬਰਤਾਨਵੀ ਹਕੂਮਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ।

ਬਰਤਾਨਵੀ ਬਸਤੀਵਾਦੀ ਬੁਰਜੁਆਜ਼ੀ ਨੇ ਆਪਣੀ ਵਧੇਰੇ ਫੌਜੀ ਤਾਕਤ ਰਾਹੀਂ ਬੜੀ ਬੇਰਹਿਮੀ ਨਾਲ ਜਨਤਾ ਦੇ ਇਸ ਵਿਦਰੋਹ ਨੂੰ ਕੁਚਲ ਦਿੱਤਾ। ਇਸ ਪਿਛੋਂ ਉਸ ਨੇ ਗਿਣੇ-ਮਿੱਥੇ ਤਰੀਕੇ ਨਾਲ ਫਿਰਕੂ-ਵੰਡ ਅਤੇ ਫ਼ਿਰਕੂ ਹਿੰਸਾ ਨੂੰ ਇਥੋਂ ਦੇ ਸਮਾਜ ਵਿੱਚ ਸਥਾਪਤ ਕਰ ਦਿੱਤਾ। ਹਿੰਦੋਸਤਾਨ ਵਿੱਚ ਕਾਇਮ ਕੀਤੀ ਗਈ ਬਸਤੀਵਾਦੀ ਹਕੂਮਤ ਦੀ ਬੁਨਿਆਦ ਇਹੀ ਸੀ। ਬਸਤੀਵਾਦੀ ਰਾਜ ਨੇ ਤਰ੍ਹਾਂ-ਤਰ੍ਹਾਂ ਦੇ ਫ਼ਿਰਕੂ ਦਲਾਂ ਅਤੇ ਨੇਤਾਵਾਂ ਨੂੰ ਪੂਰੀ ਸੁਰੱਖਿਆ ਅਤੇ ਹਮਾਇਤ ਦਿੱਤੀ। ਇਸ ਜਾਂ ਉਸ ਧਰਮ ਦੇ ਖਿਲਾਫ਼ ਜ਼ਹਿਰ ਉਗਲਣ ਅਤੇ ਨਫ਼ਰਤ ਫੈਲਾਉਣ ਦੀ ਉਹਨਾਂ ਨੂੰ ਪੂਰੀ ਖੁੱਲ ਸੀ। ਬਸਤੀਵਾਦੀ ਰਾਜ ਦੀ ਪੁਲਿਸ ਦਾ ਅਫ਼ਵਾਹਾਂ ਫੈਲਾਉਣ ਅਤੇ ਫਿਰਕੂ-ਹਿੰਸਾ ਆਯੋਜਤ ਕਰਨ ਵਿੱਚ ਸਿੱਧਾ ਹੱਥ ਸੀ। ਪਰ ਨਾਲ ਹੀ ਇਹ ਦਿਖਾਵਾ ਵੀ ਕੀਤਾ ਗਿਆ ਕਿ ਹਿੰਦੋਸਤਾਨ ਵਿੱਚ ਫਿਰਕੂ ਸਦਭਾਵਨਾ ਬਣਾਈ ਰੱਖਣ ਅਤੇ ਧਰਮ-ਨਿਰਪੱਖਤਾ ਦੀ ਰਾਖੀ ਕਰਨ ਲਈ ਬਸਤੀਵਾਦੀ ਰਾਜ ਦੀ ਜ਼ਰੂਰਤ ਹੈ। ਇਸ ਤਰ੍ਹਾਂ ਬਰਤਾਨਵੀ ਬਸਤੀਵਾਦੀਆਂ ਨੇ ਵੱਖ-ਵੱਖ ਤਰੀਕਿਆਂ ਦੇ ਹਮਲਿਆਂ ਰਾਹੀਂ ਸਾਡੇ ਲੋਕਾਂ ਨੂੰ ਗੁਲਾਮ ਬਣਾਈ ਰੱਖਿਆ।

ਬਰਤਾਨਵੀ ਬਸਤੀਵਾਦ ਨੇ ਇਸ ਗਲਤ ਵਿਚਾਰ ਦਾ ਪ੍ਰਸਾਰ ਕੀਤਾ ਕਿ ਹਿੰਦੋਸਤਾਨ ਵਿੱਚ ਰਾਸ਼ਟਰ ਅਤੇ ਕੌਮੀਅਤਾਂ ਨਹੀਂ ਹਨ, ਸਿਰਫ਼ ਧਾਰਮਿਕ ਫਿਰਕੇ ਹਨ। ਹਿੰਦੋਸਤਾਨੀ ਜਨਤਾ ਨੂੰ ਬਰਤਾਨਵੀ ਬਸਤੀਵਾਦੀ ਹੁਕਮਰਾਨਾਂ ਦੀ ਮਨ-ਮਰਜ਼ੀ ਨਾਲ "ਹਿੰਦੂ ਬਹੁ ਗਿਣਤੀ" ਅਤੇ ਕਈ ਧਾਰਮਿਕ ਘੱਟ-ਗਿਣਤੀਆਂ ਵਿੱਚ ਵੰਡ ਦਿੱਤਾ ਗਿਆ। ਇਹਨਾਂ ਧਾਰਮਿਕ ਘੱਟ ਗਿਣਤੀਆਂ ਵਿੱਚ ਮੁਸਲਮਾਨ, ਸਿੱਖ, ਇਸਾਈ ਆਦਿ ਨੂੰ ਸ਼ਾਮਲ ਕੀਤਾ ਗਿਆ। ਉਹਨਾਂ ਨੂੰ ਅਜਿਹੇ ਪੱਛੜੇ ਹੋਏ ਲੋਕਾਂ ਵਜੋਂ ਪੇਸ਼ ਕੀਤਾ ਗਿਆ ਜੋ ਹਰ ਵੇਲੇ ਇੱਕ ਦੂਸਰੇ ਦੀ ਧੌਣ ਲਾਹੁਣ ਲਈ ਤਿਆਰ ਰਹਿੰਦੇ ਹਨ। ਇਹ ਕਿਹਾ ਗਿਆ ਕਿ "ਦੇਸੀ" ਲੋਕ ਇੱਕੋ ਸ਼ਰਤ ਉੱਤੇ ਸ਼ਾਂਤੀ ਨਾਲ ਰਹਿ ਸਕਦੇ ਹਨ ਤੇ ਉਹ ਇਹ ਕਿ ਅੰਗਰੇਜ਼ੀ ਸਿੱਖਿਆ ਪ੍ਰਾਪਤ ਉਦਾਰਵਾਦੀ ਲੋਕ ਉਹਨਾਂ ਉੱਤੇ ਹਕੂਮਤ ਕਰਨ ਅਤੇ ਫਿਰਕੂ ਇਕਸੁਰਤਾ ਕਾਇਮ ਕਰਨ ਲਈ ਸਹਿਣਸ਼ੀਲਤਾ ਦਾ ਪ੍ਰਚਾਰ ਕਰਨ। ਸੰਖੇਪ ਵਿੱਚ, ਪੱਛੜੇ ਅਤੇ ਫਿਰਕੂ ਅਧਾਰ ਉੱਤੇ ਵੰਡੇ ਹੋਏ ਹਿੰਦੋਸਤਾਨ ਵਿੱਚ ਕਾਨੂੰਨ-ਵਿਵਸਥਾ, ਬਣਾ ਕੇ ਰੱਖਣਾ "ਗੋਰੀ ਚਮੜੀ ਵਾਲੇ ਆਦਮੀ ਦਾ ਬੋਝ" ਹੈ, ਇਸ ਇਰਾਦੇ ਅਤੇ ਉਦੇਸ਼ ਨਾਲ, ਬਰਤਾਨਵੀ ਬਸਤੀਵਾਦੀਆਂ

ਨੇ ਧਰਮ-ਨਿਰਪੱਖਤਾ ਦੇ ਮੰਤਰ ਦਾ ਜਾਪ ਕਰਨ ਦੇ ਨਾਲ-ਨਾਲ, ਫਿਰਕੂ ਹਿੰਸਾ ਦਾ ਆਯੋਜਨ ਵੀ ਕੀਤਾ ਅਤੇ ਇਸ ਮਹਾਂਦੀਪ ਦੇ ਲੋਕਾਂ ਨੂੰ ਗੁਲਾਮ ਬਣਾਈ ਰੱਖਿਆ।

ਹਿੰਦੋਸਤਾਨੀ ਰਾਜ ਦੀਆਂ ਨੀਹਾਂ ਬਰਤਾਨਵੀ ਬਸਤੀਵਾਦੀਆਂ ਨੇ ਤਿਆਰ ਕੀਤੀਆਂ ਸਨ। 1947 ਵਿੱਚ ਸੱਤਾ ਸੰਭਾਲਣ ਪਿਛੋਂ ਹਿੰਦੋਸਤਾਨੀ ਬੁਰਜੁਆਜ਼ੀ ਨੇ ਇਹਨਾਂ ਨੀਹਾਂ ਨੂੰ ਹੀ ਬਰਕਰਾਰ ਰੱਖਿਆ। ਇਹ ਨੀਹਾਂ ਫ਼ਿਰਕੂ ਸਨ ਜੋ ਹਿੰਦੋਸਤਾਨੀ ਸਿਆਸਤ ਦੀ ਇਸ ਪ੍ਰੀਭਾਸ਼ਾ ਨਾਲ ਸ਼ੁਰੂ ਹੁੰਦੀਆਂ ਸਨ ਕਿ ਇਹ ਬਹੁਗਿਣਤੀ ਅਤੇ ਘੱਟ ਗਿਣਤੀ ਧਾਰਮਿਕ-ਫਿਰਕਿਆਂ ਉੱਤੇ ਅਧਾਰਤ ਹੈ। 1950 ਵਿੱਚ ਜਦੋਂ ਹਿੰਦੋਸਤਾਨੀ ਗਣਰਾਜ ਦੇ ਸੰਵਿਧਾਨ ਨੂੰ ਅਪਣਾਇਆ ਗਿਆ ਤਾਂ ਉਸ ਸੰਵਿਧਾਨ ਨੂੰ ਬਣਾਉਣ ਵਾਲੀ ਸੰਵਿਧਾਨ ਸਭਾ ਦੀ ਚੋਣ ਵੀ ਫ਼ਿਰਕੂ-ਚੋਣ ਖੇਤਰਾਂ ਦੇ ਅਧਾਰ ਉੱਤੇ ਹੀ ਕੀਤੀ ਗਈ ਸੀ ਤੇ ਕੀਤੀ ਵੀ ਬਰਤਾਨਵੀ ਬਸਤੀਵਾਦੀਆਂ ਦੀ ਦੇਖ-ਰੇਖ ਵਿੱਚ ਹੀ ਸੀ।

ਹਿੰਦੋਸਤਾਨੀ ਪੂੰਜੀਪਤੀਆਂ ਦੀਆਂ ਮੁੱਖ ਪਾਰਟੀਆਂ, ਭਾਜਪਾ ਅਤੇ ਕਾਂਗਰਸ ਉਹਨਾਂ ਬਸਤੀਵਾਦੀ ਤਰੀਕਿਆਂ ਅਤੇ ਸੋਚ ਨਾਲ ਹੀ ਕੰਮ ਕਰਦੀਆਂ ਹਨ। ਉਹ ਫਿਰਕਾਪ੍ਰਸਤੀ ਅਤੇ ਧਰਮ-ਨਿਰਪੱਖਤਾ ਦੇ ਉਹਨਾਂ ਤਰੀਕਿਆਂ ਦੀ ਵਰਤੋਂ ਕਰਕੇ ਹੀ ਲੋਕਾਂ ਨੂੰ ਵੰਡਦੀਆਂ ਹਨ। ਇਹ ਸਮਝਿਆ ਜਾ ਸਕਦਾ ਹੈ ਕਿ ਭਾਜਪਾ ਅਤੇ ਕਾਂਗਰਸ ਬਰਤਾਨਵੀ ਬਸਤੀਵਾਦੀਆਂ ਦੁਆਰਾ ਦਿਖਾਏ ਰਸਤੇ ਉੱਤੇ ਹੀ ਚੱਲ ਰਹੀਆਂ ਹਨ। ਇਹ ਸੁਭਾਵਕ ਵੀ ਹੈ ਕਿਉਂਕਿ ਹਿੰਦੋਸਤਾਨ ਦੀ ਬੁਰਜੁਆਜ਼ੀ ਗਦਾਰ ਹੈ ਜੋ ਬਸਤੀਵਾਦੀਆਂ ਨਾਲ ਸਹਿਯੋਗ ਕਰਕੇ ਸੱਤਾ ਵਿੱਚ ਆਈ ਹੈ ਤੇ ਉਦੋਂ ਤੋਂ ਹੀ ਬਸਤੀਵਾਦੀ ਵਿਰਾਸਤ ਦੀ ਰੱਖਿਆ ਕਰ ਰਹੀ ਹੈ। ਪ੍ਰੰਤੂ ਇਹ ਸਮਝਣਾ ਤੇ ਸਵੀਕਾਰ ਕਰਨਾ ਬਹੁਤ ਮੁਸ਼ਕਿਲ ਜਾਪਦਾ ਹੈ ਕਿ ਆਪਣੇ ਆਪ ਨੂੰ ਕਮਿਊਨਿਸਟ ਅਤੇ ਮਾਰਕਸਵਾਦੀ ਅਖਵਾਉਣ ਵਾਲੇ ਹੱਥ ਵਿੱਚ ਸੂਹਾ ਝੰਡਾ ਫੜਕੇ ਛਾਤੀਆਂ ਉੱਤੇ ਦਾਤੀ-ਹਥੌੜਾ ਤਮਗਿਆਂ ਵਾਂਗੂ ਸਜਾਉਣ ਵਾਲੇ ਵੀ, ਬਰਤਾਨਵੀ ਬਸਤੀਵਾਦੀ ਬੁਰਜੁਆਜ਼ੀ ਦੁਆਰਾ ਤਹਿ ਕੀਤੇ ਏਜੰਡੇ ਅਨੁਸਾਰ ਹੀ ਚੱਲ ਰਹੇ ਹਨ।

*ਸਾਥੀਓ,*

ਧਰਮ-ਨਿਰਪੱਖਤਾ ਦੇ ਫਲਸਫ਼ੇ ਅਨੁਸਾਰ ਚੱਲਣ ਵਾਲੇ ਲੋਕ ਦਵੰਦਵਾਦੀ-ਭੌਤਿਕਵਾਦ ਦੀ ਸੋਚ ਤੋਂ ਪਿੱਛੇ ਹਟ ਰਹੇ ਹਨ। ਇਹ ਲੋਕ ਇਹ ਵਿਚਾਰਵਾਦੀ ਸੋਚ ਫੈਲਾ ਰਹੇ ਹਨ ਕਿ ਇਨਸਾਨਾਂ ਦੀ ਜ਼ਿੰਦਗੀ ਵਿਚੋਂ ਧਰਮ ਦੇ ਪ੍ਰਭਾਵ ਨੂੰ ਖਤਮ ਕਰਨ ਲਈ ਗਿਆਨ ਅਤੇ ਵਿਗਿਆਨ ਹੀ ਕਾਫ਼ੀ ਹਨ। ਪ੍ਰੰਤੂ ਮਾਰਕਸਵਾਦ ਦਾ ਵਿਗਿਆਨ ਇਹ ਸਿੱਧ ਕਰਦਾ ਹੈ ਕਿ ਧਰਮ ਦੇ ਪ੍ਰਭਾਵ ਨੂੰ ਮਿਟਾਉਣ ਲਈ ਸਮਾਜਕ ਇਨਕਲਾਬ ਦੀ ਜ਼ਰੂਰਤ ਹੈ। ਅੱਜ

ਸਿਰਫ਼ ਸਰਵਹਾਰਾ ਇਨਕਲਾਬ ਸਮਾਜ ਵਿਚਲੇ ਸ਼ੋਸ਼ਣ-ਦਮਨ ਦੇ ਉਹਨਾਂ ਹਾਲਾਤ ਨੂੰ ਖ਼ਤਮ ਕਰ ਸਕਦੇ ਹੈ ਜਿਹਨਾਂ ਦੇ ਚੱਲਦਿਆਂ ਲੋਕ ਧਰਮ ਅਤੇ 'ਅਗਲੀ ਦੁਨੀਆਂ' ਆਦਿ ਉੱਤੇ ਵਿਸ਼ਵਾਸ਼ ਰੱਖਣ ਲਈ ਮਜ਼ਬੂਰ ਹੁੰਦੇ ਹਨ। ਇਸ ਤਰ੍ਹਾਂ ਅੱਜ ਦੇ ਧਰਮ ਨਿਰਪੱਖਤਾਵਾਦ ਉੱਤੇ ਚੱਲਣ ਵਾਲੇ ਲੋਕ ਮਾਰਕਸਵਾਦ ਤੋਂ ਪੂਰੀ ਤਰ੍ਹਾਂ ਦੂਰ ਹਟ ਰਹੇ ਹਨ ਅਤੇ ਇਨਕਲਾਬ ਦੀ ਲੋੜ ਤੋਂ ਇਨਕਾਰ ਕਰ ਰਹੇ ਹਨ।

*ਲੈਨਿਨ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਸੀ ਕਿ "...ਕਿਸੇ ਵੀ ਹਾਲਤ ਵਿੱਚ ਸਾਨੂੰ ਇਹ ਗਲਤੀ ਨਹੀਂ ਕਰਨੀ ਚਾਹੀਦੀ, ਧਰਮ ਦੇ ਸਵਾਲ ਨੂੰ ਵੱਖਰਾ ਕਰਕੇ ਸਿਰਫ਼ 'ਬੌਧਿਕ' ਸਵਾਲ ਵਜੋਂ, ਵਰਗ-ਸੰਘਰਸ਼ ਤੋਂ ਅਲੱਗ ਕਰਕੇ ਨਹੀਂ ਉਠਾਉਣਾ ਚਾਹੀਦਾ ਜਿਵੇਂ ਕਿ ਬੁਰਜੁਆਜ਼ੀ ਅੰਦਰਲੇ ਰੈਡੀਕਲ-ਲੋਕਤੰਤਰਵਾਦੀ ਅਕਸਰ ਕਰਦੇ ਹਨ। ਕੋਈ ਮੂਰਖ ਹੀ ਇਹ ਸੋਚ ਸਕਦਾ ਹੈ ਕਿ ਅਜਿਹੇ ਸਮਾਜ ਵਿੱਚ ਜਿੱਥੇ ਮਿਹਨਤਕਸ਼ਾਂ ਉੱਤੇ ਲਗਾਤਾਰ ਜ਼ੁਲਮ ਹੁੰਦਾ ਹੈ, ਸਿਰਫ਼ ਪ੍ਰਚਾਰ ਰਾਹੀਂ ਹੀ ਧਾਰਮਿਕ ਸੋਚ ਅਤੇ ਵਿਚਾਰ ਖਤਮ ਹੋ ਸਕਦੇ ਹਨ। ਇਹ ਬੁਰਜ਼ੁਆ ਤੰਗ-ਨਜ਼ਰੀ ਹੀ ਹੋਵੇਗੀ ਜੇ ਅਸੀਂ ਇਹ ਭੁੱਲ ਜਾਈਏ ਕਿ ਮਾਨਵਜਾਤੀ ਉੱਤੇ ਪੈਣ ਵਾਲਾ ਧਰਮ ਦਾ ਬੋਝ, ਸਮਾਜ ਵਿਚਲੇ ਆਰਥਿਕ ਬੋਝ ਦੀ ਹੀ ਉਪਜ ਅਤੇ ਪਰਤੌਂ ਹੈ। ਕਿੰਨੇ ਵੀ ਪਰਚੇ ਵੰਡਣ ਅਤੇ ਪ੍ਰਚਾਰ ਕਰਨ ਨਾਲ ਮਿਹਨਤਕਸ਼ਾਂ ਨੂੰ ਉਹ ਗਿਆਨ ਹਾਸਲ ਨਹੀਂ ਹੋ ਸਕਦਾ ਜੋ ਉਹ ਖ਼ੁਦ ਪੂੰਜੀਵਾਦੀ ਸ਼ੋਸ਼ਣ ਦੇ ਖਿਲਾਫ਼ ਸੰਘਰਸ਼ਾਂ ਵਿਚੋਂ ਪ੍ਰਾਪਤ ਕਰਦੇ ਹਨ। ਧਰਤੀ ਉੱਤੇ ਸਵਰਗ ਕਾਇਮ ਕਰਨ ਲਈ ਸ਼ੋਸ਼ਿਤ-ਪੀੜਤ ਵਰਗ ਦੀ ਇਸ ਇਨਕਲਾਬੀ ਸੰਘਰਸ਼ ਲਈ ਏਕਤਾ ਵਧੇਰੇ ਮਹੱਤਵ ਰੱਖਦੀ ਹੈ ਨਾ ਕਿ ਕਿਸੇ ਪਰਲੋਕ ਵਿਚਲੇ ਸਵਰਗ ਬਾਰੇ ਮਿਹਨਤਕਸ਼ਾਂ ਦੇ ਵਿਚਾਰਾਂ ਦੀ ਏਕਤਾ।" (ਸ਼ੋਸ਼ਲਿਜ਼ਮ ਐਂਡ ਰਿਲਿਜ਼ਨ)*

ਜੋ ਲੋਕ ਇਹ ਕਹਿ ਰਹੇ ਹਨ ਕਿ ਧਰਮ-ਨਿਰਪੇਖਤਾ ਅਤੇ ਫਿਰਕਾਪ੍ਰਸਤੀ ਦਰਮਿਆਨ ਸੰਘਰਸ਼ ਹੀ ਮਜ਼ਦੂਰ ਕਿਸਾਨ ਦਾ ਮੁੱਖ ਅਤੇ ਫੌਰੀ ਸੰਘਰਸ਼ ਹੈ, ਉਹ ਠੀਕ ਉਹੀ ਗਲਤੀ ਕਰ ਰਹੇ ਹਨ ਜਿਸਦਾ ਜ਼ਿਕਰ ਲੈਨਿਨ ਨੇ ਕੀਤਾ ਹੈ, ਧਰਮ ਦੇ ਸਵਾਲ ਨੂੰ ਮਜ਼ਦੂਰ ਵਰਗ ਦੇ ਸੰਘਰਸ਼ ਤੋਂ ਅਲੱਗ ਕਰਕੇ, ਇੱਕ "ਬੌਧਿਕ" ਸਵਾਲ ਦੇ ਰੂਪ ਵਿੱਚ ਪੇਸ਼ ਕਰਕੇ ਉਹ ਮਜ਼ਦੂਰ ਵਰਗ ਦੀ ਰਾਜਨੀਤਕ ਏਕਤਾ ਦਾ ਰਸਤਾ ਰੋਕ ਰਹੇ ਹਨ।

ਇਹ ਗਲਤ ਵਿਚਾਰ, ਕਿ ਹਿੰਦੋਸਤਾਨੀ ਰਾਜ ਦੀਆਂ ਨੀਹਾਂ ਧਰਮ-ਨਿਰਪੱਖ ਹਨ, ਇਹ ਵਿਚਾਰ ਫ਼ਿਰਕਾਪ੍ਰਸਤੀ ਮੱਧਕਾਲੀ ਰਸਮਾਂ-ਰਿਵਾਜ, ਜਾਤੀ ਪ੍ਰਥਾ ਆਦਿ ਜਿਹੀਆਂ ਪਿਛਾਂਹ-ਖਿਚੂ ਚੀਜ਼ਾਂ ਨੂੰ ਮਜ਼ਦੂਰਾਂ ਕਿਸਾਨਾਂ ਦੇ ਇਨਕਲਾਬੀ ਸੰਘਰਸ਼ਾਂ ਰਾਹੀਂ ਖਤਮ ਕਰਨ ਦੇ ਰਸਤੇ ਵਿੱਚ ਇੱਕ ਰੁਕਾਵਟ ਬਣ ਰਿਹਾ ਹੈ। ਇਹ ਵਿਚਾਰ ਇਕ ਭਰਮ ਪੈਦਾ ਕਰ ਰਿਹਾ ਹੈ ਕਿ ਅਸੀਂ ਇਹਨਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਅਜੋਕੇ ਹਿੰਦੋਸਤਾਨੀ ਰਾਜ ਉੱਤੇ

ਨਿਰਭਰ ਹੋ ਸਕਦੇ ਹਾਂ।

ਧਰਮ-ਨਿਰਪੱਖਤਾਵਾਦ ਬਨਾਮ ਫ਼ਿਰਕਾਪ੍ਰਸਤੀ ਦੀ ਸਾਮਰਾਜਵਾਦੀ ਬੁਰਜ਼ੁਆ ਸੇਧ ਉੱਤੇ ਚੱਲਕੇ, ਹਿੰਦੋਸਤਾਨੀ ਕਮਿਊਨਿਸਟ ਲਹਿਰ ਵਿਚਲੇ ਜਮਾਤੀ-ਸਮਝੌਤਾ ਕਰੂ ਅਨਸਰ, ਸੰਘਰਸ਼ਸ਼ੀਲ ਤਾਕਤਾਂ ਦਰਮਿਆਨ ਨਿਰਾਸ਼ਾ ਪੈਦਾ ਕਰ ਰਹੇ ਹਨ,ਉਹ ਫ਼ਿਰਕਾਪ੍ਰਸਤੀ ਦੇ ਅਸਲ ਕਾਰਨ, ਬੁਰਜ਼ੁਆ ਹਕੂਮਤ ਅਤੇ ਉਸਦਾ ਸਾਧਨ, ਹਿੰਦੋਸਤਾਨੀ ਰਾਜ ਵੱਲ ਧਿਆਨ ਦਿਵਾਉਣ ਦੀ ਬਜਾਏ ਮਜ਼ਦੂਰਾਂ- ਮਿਹਨਤਕਸ਼ਾਂ ਨੂੰ ਫ਼ਿਰਕੂ ਤਣਾਵਾਂ ਦੇ ਕਾਰਨ ਉਹਨਾਂ ਦੇ ਆਪਣੇ ਅੰਤਰੀਵ ਵਿੱਚੋਂ ਤਲਾਸ਼ਣ ਲਈ ਕਹਿ ਰਹੇ ਹਨ।

ਮਜ਼ਦੂਰ-ਮਿਹਨਤਕਸ਼ ਕਿਸਾਨ ਸਮਾਜਕ ਪਰਿਵਰਤਨ ਲਈ ਪੂੰਜੀਵਾਦ ਅਤੇ ਬੁਰਜੁਆਜ਼ੀ ਦੇ ਖਿਲਾਫ਼ ਜੋ ਸੰਘਰਸ਼ ਕਰ ਰਹੇ ਹਨ, ਫਿਰਕਾਪ੍ਰਸਤੀ ਅਤੇ ਫ਼ਿਰਕੂ ਹਿੰਸਾ ਖਿਲਾਫ਼ ਸੰਘਰਸ਼ ਵੀ ਉਸੇ ਦਾ ਹੀ ਇੱਕ ਹਿੱਸਾ ਹੈ। ਕਮਿਊਨਿਸਟਾਂ ਦੀ ਜ਼ਿੰਮੇਵਾਰੀ ਮਿਹਨਤਕਸ਼ ਜਮਾਤ ਅਤੇ ਲੋਕਾਂ ਨੂੰ ਇਸ ਤੱਥ ਪ੍ਰਤੀ ਜਾਗਰੂਕ ਕਰਨਾ ਹੈ, ਤੇ ਇਸ ਤੱਥ ਪ੍ਰਤੀ ਵੀ ਕਿ ਇਹ ਹੁਕਮਰਾਨ ਬੁਰਜ਼ੁਆਜੀ ਹੀ ਹੈ ਜੋ ਮਜ਼ਦੂਰਾਂ ਅਤੇ ਸਭਨਾਂ ਸ਼ੋਸ਼ਿਤ-ਪੀੜਤ ਲੋਕਾਂ ਦੇ ਸੰਘਰਸ਼ਾਂ ਨੂੰ ਖ਼ੂਨ ਵਿੱਚ ਵਹਾ ਦੇਣ ਦੇ ਇਰਾਦੇ ਨਾਲ, ਫ਼ਿਰਕਾਪ੍ਰਸਤੀ ਅਤੇ ਫ਼ਿਰਕੂ ਹਿੰਸਾ ਦੀ ਵਰਤੋਂ ਕਰਦੀ ਹੈ। ਉਹ ਜੋ ਮਜ਼ਦੂਰਾਂ-ਕਿਸਾਨਾਂ ਨੂੰ ਹਿੰਦੋਸਤਾਨੀ ਰਾਜ ਦੀਆਂ ਧਰਮ-ਨਿਰਪੱਖ ਨੀਹਾਂ ਦੀ ਰੱਖਿਆ ਕਰਨ ਦਾ ਸੱਦਾ ਦੇ ਰਹੇ ਹਨ, ਉਲਟੀ ਦਿਸ਼ਾ ਵਿੱਚ ਕੰਮ ਕਰ ਰਹੇ ਹਨ। ਫ਼ਿਰਕਾਪ੍ਰਸਤੀ ਅਤੇ ਫ਼ਿਰਕੂ ਹਿੰਸਾ ਦੀ ਅਸਲ ਜੜ੍ਹ ਕਿੱਥੇ ਹੈ,ਉਹ ਮਜ਼ਦੂਰ ਵਰਗ ਨੂੰ ਇਹ ਸਮਝਣ ਤੋਂ ਰੋਕ ਰਹੇ ਹਨ।

ਫਿਰਕਾਪ੍ਰਸਤੀ ਦੇ ਖਿਲਾਫ਼ ਸੰਘਰਸ਼ ਨੂੰ ਇੱਕ ਵੱਖਰਾ ਸੰਘਰਸ਼ ਦੱਸਕੇ, ਸ਼ੋਸ਼ਣ-ਦਮਨ ਤੋਂ ਮੁਕਤੀ ਲਈ ਸੰਘਰਸ਼ ਤੋਂ ਇਸ ਨੂੰ ਵੱਖਰਾ ਕਰਕੇ, 'ਧਰਮ-ਨਿਰਪੱਖ ਮੋਰਚੇ' ਦੀ ਹਮਾਇਤ ਕਰਨ ਵਾਲੇ, ਮਿਹਨਤਕਸ਼ ਜਮਾਤ ਦੇ ਵਰਗ-ਸੰਘਰਸ਼ ਵਿੱਚ ਰੁਕਾਵਟ ਬਣ ਰਹੇ ਹਨ। ਉਹ ਫਿਰਕਾਪ੍ਰਸਤੀ ਅਤੇ ਫਿਰਕੂ ਹਿੰਸਾ ਦਾ ਸਮੂਹਕ ਵਿਰੋਧ ਕਰਨ ਦੀ ਬਜਾਏ ਬੀ. ਜੇ .ਪੀ. ਦੀ ਥਾਂ ਕਾਂਗਰਸ ਨੂੰ ਸੱਤਾ ਵਿੱਚ ਲਿਆਉਣ ਅਤੇ ਇਸ ਤਰ੍ਹਾਂ ਇਸੇ ਪ੍ਰਬੰਧ ਅਤੇ ਕਾਰਜ ਕਰਮ ਨੂੰ ਜਾਰੀ ਰੱਖਣ ਦੀ ਗੱਲ ਕਰਕੇ ਬੁਰਜੁਆਜ਼ੀ ਦੇ ਹਿੱਤਾਂ ਦੀ ਪਹਿਰੇਦਾਰੀ ਹੀ ਕਰ ਰਹੇ ਹਨ। ਉਹ ਸਾਮਰਾਜਵਾਦ ਅਤੇ ਹਿੰਦੋਸਤਾਨੀ ਬੁਰਜੁਆਜ਼ੀ ਦੇ ਉਹਨਾਂ ਦਾਅ-ਪੇਚਾਂ ਦੀ ਸੇਵਾ ਵਿੱਚ ਭੁਗਤ ਰਹੇ ਹਨ ਜੋ ਮਿਹਨਤਕਸ਼ ਜਮਾਤ ਦੀਆਂ ਲਹਿਰਾਂ ਨੂੰ ਭਟਕਾਉਣ ਲਈ ਵਰਤੇ ਜਾਂਦੇ ਹਨ।

***ਸਾਥੀਓ,***

ਹਿੰਦੋਸਤਾਨੀ ਰਾਜ ਬੁਰਜ਼ੁਆ ਵਰਗ ਦੀ ਹਕੂਮਤ ਦਾ ਸਾਧਨ ਹੈ। ਇਹ ਕਈ ਸੰਸਥਾਵਾਂ

ਦਾ ਜਟਿਲ ਸੁਮੇਲ ਹੈ। ਇਹਨਾਂ ਸੰਸਥਾਵਾਂ ਰਾਹੀਂ ਮਜ਼ਦੂਰ ਵਰਗ ਅਤੇ ਹੋਰਨਾਂ ਮਿਹਨਤਕਸ਼ਾਂ ਨੂੰ ਦਬਾਇਆ ਜਾਂਦਾ ਹੈ ਤੇ ਰਾਜਨੀਤਕ ਸੱਤਾ ਤੋਂ ਦੂਰ ਰੱਖਿਆ ਜਾਂਦਾ ਹੈ। ਇਹ ਪੂੰਜੀਵਾਦ ਦੇ ਵਿਕਾਸ ਅਤੇ ਹਿੰਦੋਸਤਾਨ ਦੀ ਧਰਤੀ ਅਤੇ ਕਿਰਤ ਦੀ ਲੁੱਟ ਖਸੁੱਟ ਵਿੱਚ ਮਦਦ ਦੇਣ ਦਾ ਸਾਧਨ ਹੈ। ਇਹ ਫਿਰਕਾਪ੍ਰਸਤੀ, ਪਿਤਾ ਪੁਰਖੀ ਸੱਤਾ ਅਤੇ ਸਾਮੰਤੀ ਰਿਸ਼ਤਿਆਂ, ਮੱਧਕਾਲੀਨ ਅਤੇ ਬੇਹੱਦ ਪੱਛੜੇ ਕਿਸਮ ਦੇ ਅੱਤਿਆਚਾਰਾਂ ਆਦਿ ਨੂੰ ਬਰਕਰਾਰ ਰੱਖਣ ਦਾ ਸਾਧਨ ਹੈ। ਇਹ ਹਿੰਦੋਸਤਾਨੀ ਸਮਾਜ ਵਿੱਚ ਸੰਪਰਦਾਇਕ ਅਤੇ ਜਾਤੀਵਾਦੀ ਵੰਡਾਂ ਨੂੰ ਬਣਾਈ ਰੱਖਣ ਦਾ ਮੁੱਖ ਸਾਧਨ ਹੈ।

ਹਿੰਦੋਸਤਾਨ ਦੀ ਇਸ ਕੇਂਦਰਤ ਰਾਜ-ਸੱਤਾ ਦੀ ਨੀਂਹ ਬਰਤਾਨਵੀ ਬਸਤੀਵਾਦੀਆਂ ਨੇ ਰੱਖੀ ਸੀ। ਉਹ ਹਿੰਦੋਸਤਾਨ ਉੱਤੇ ਕਬਜ਼ਾ ਕਰਕੇ ਉਸ ਦੀ ਲੁੱਟ-ਖਸੁੱਟ ਦੇ ਆਪਣੇ ਖ਼ੁਦਗਰਜ਼ ਇਰਾਦਿਆਂ ਨੂੰ ਕਾਮਯਾਬ ਕਰਨਾ ਚਾਹੁੰਦੇ ਸਨ। ਟਾਟਾ-ਬਿਰਲਾ ਜਿਹੇ ਵੱਡੇ ਪੂੰਜੀਵਾਦੀ ਘਰਾਣਿਆਂ ਦੀ ਅਗਵਾਈ ਵਿੱਚ ਹਿੰਦੋਸਤਾਨ ਦਾ ਬੁਰਜ਼ੁਆ ਵਰਗ ਅਤੇ ਜ਼ਿਮੀਂਦਾਰ ਵਰਗ ਦੋਵੇਂ ਬਸਤੀਵਾਦੀਆਂ ਦੀ ਪੈਦਾਇਸ਼ ਹੀ ਹਨ। ਇਸ ਰਾਜ ਨੂੰ 1947 ਵਿੱਚ ਇਹਨਾਂ ਵਰਗਾਂ ਦੇ ਹੱਥਾਂ ਵਿੱਚ ਸੌਂਪਿਆ ਗਿਆ ਸੀ। ਸਮਾਜ ਦੇ ਇਹਨਾਂ ਗੱਦਾਰ ਤਬਕਿਆਂ ਨੇ ਬਸਤੀਵਾਦੀ ਰਾਜ ਦੀ ਨੀਂਹ ਨੂੰ ਬਰਕਰਾਰ ਰੱਖਿਆ। ਇਸ ਨੀਂਹ ਉੱਪਰ ਉਹਨਾਂ ਨੇ ਪ੍ਰਤੀਨਿਧਤਾ ਵਾਲੇ ਲੋਕਤੰਤਰ ਦੀ ਰਾਜਨੀਤਕ ਪ੍ਰਕਿਰਿਆ ਦੀ ਸਥਾਪਨਾ ਕੀਤੀ ਜੋ ਕਿ ਬਰਤਾਨਵੀ 'ਵੈਸਟਮਿਨਸਟਰ ਮਾਡਲ' ਦੀ ਨਕਲ ਹੀ ਸੀ। ਯੂਰਪੀ ਬੁਰਜੂਆ ਸਿਧਾਂਤ ਅਤੇ ਸ਼ਾਂਤੀ ਵਿਵਸਥਾ ਅਤੇ ਵਧੀਆ ਸਰਕਾਰ ਦੀਆਂ ਕਦਰਾਂ-ਕੀਮਤਾਂ ਅਜ਼ਾਦ ਹਿੰਦੋਸਤਾਨ ਵਿੱਚ ਸਫ਼ਲ ਲੋਕਤੰਤਰ ਦੀ ਕਸੌਟੀ ਬਣ ਗਏ। 1950 ਵਿੱਚ ਸੰਵਿਧਾਨ ਦੁਆਰਾ ਹਿੰਦੋਸਤਾਨ ਦੀ ਬੁਰਜੁਆਜ਼ੀ ਨੇ ਸਭਨਾਂ ਬਾਲਗ ਪੁਰਸ਼ਾਂ-ਇਸਤਰੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਦੇ ਦਿੱਤਾ। ਪਰ ਨਾਲ ਹੀ ਨਾਲ ਜਾਤੀ ਅਤੇ ਧਰਮ ਦੇ ਅਧਾਰ ਉੱਤੇ ਵੋਟ ਪਾਉਣ ਵਾਲਿਆਂ ਦੀ ਵੰਡ ਨੂੰ ਕਾਇਮ ਰੱਖਿਆ ਗਿਆ।

ਯੂਰਪ ਤੋਂ ਲਿਆਂਦੇ ਗਏ ਵੇਲਾ ਵਿਹਾ ਚੁੱਕੇ ਰਾਜਨੀਤਕ ਸਿਧਾਂਤ ਉੱਤੇ ਅਧਾਰਤ ਪ੍ਰਤੀਨਿਧਤਾ ਵਾਲੇ ਲੋਕਤੰਤਰ ਦੀ ਪ੍ਰਕਿਰਿਆ ਦਾ ਮਕਸਦ ਹੈ, ਮਿਹਨਤਕਸ਼ਾਂ ਨੂੰ ਸੱਤਾ ਤੋਂ ਦੂਰ ਰੱਖਣਾ ਅਤੇ ਬੁਰਜ਼ੁਆਜ਼ੀ ਦੇ ਵੱਖਰੇ-ਵੱਖਰੇ ਤਬਕਿਆਂ ਦੁਆਰਾ ਸੱਤਾ ਵੰਡ ਵਿੱਚ ਸਹਿਯੋਗ ਦੇਣਾ। ਇਸ ਰਾਜਨੀਤਕ ਪ੍ਰਕਿਰਿਆ ਰਾਹੀਂ ਪੂਰੇ ਹਿੰਦੋਸਤਾਨੀ ਸਮਾਜ ਉੱਤੇ ਇੱਕ ਸ਼ੋਸ਼ਣਕਾਰੀ ਘੱਟ-ਗਿਣਤੀ ਦਲ ਦੀ ਮਨਮਾਨੀ ਦੀ ਹਕੂਮਤ ਥੋਪੀ ਗਈ ਅਤੇ ਇਸਨੂੰ ਵੈਧਤਾ ਦਿੱਤੀ ਗਈ। ਲੋਕਾਂ ਦੇ ਸ਼ੋਸ਼ਣ ਅਤੇ ਲੁੱਟ ਤੋਂ ਪ੍ਰਾਪਤ ਧੰਨ ਦਾ ਕਿੰਨਾ ਹਿੱਸਾ ਕਿਸ ਨੂੰ ਮਿਲੇਗਾ, ਸ਼ੋਸ਼ਣਕਾਰੀਆਂ ਦੇ ਇਸ ਤਰ੍ਹਾਂ ਦੇ ਝਗੜਿਆਂ ਦੇ ਹਲ ਲੱਭਣ ਦਾ ਸਾਧਨ ਵੀ ਇਹੋ ਰਾਜਨੀਤਕ ਪ੍ਰਕਿਰਿਆ ਬਣੀ।

ਰਸਮੀ ਅਜ਼ਾਦੀ ਤੋਂ ਬਾਅਦ ਦੇ 55 ਸਾਲਾਂ ਦਾ ਅਨੁਭਵ ਇਹ ਦਰਸਾਉਂਦਾ ਹੈ ਕਿ ਬੇਸ਼ੱਕ ਨਹਿਰੂ ਦੇ ਦੇ "ਸਮਾਜਵਾਦੀ ਨਮੂਨੇ ਦੇ ਸਮਾਜ" ਵਿੱਚ ਹੋਵੇ ਜਾਂ ਉਦਾਰੀਕਰਨ ਨਿੱਜੀਕਰਨ ਰਾਹੀਂ ਵਿਸ਼ਵੀਕਰਨ ਦੇ ਅੱਜ ਦੇ ਦੌਰ ਵਿਚ ਹੋਵੇ, ਹਿੰਦੋਸਤਾਨੀ ਰਾਜ, ਉਸਦੀਆਂ ਨੀਤੀਆਂ ਅਤੇ ਪੰਜ ਸਾਲਾ ਯੋਜਨਾਵਾਂ ਤੋਂ ਫਾਇਦਾ ਸਿਰਫ਼ ਬੁਰਜ਼ੂਆਜੀ ਨੂੰ ਹੀ ਹੋਇਆ ਹੈ। ਉਦਯੋਗ, ਖੇਤੀ ਅਤੇ ਸੇਵਾ ਖੇਤਰ ਵਿੱਚ ਪੂੰਜੀ ਦੇ ਵਿਕਾਸ ਨੂੰ ਹੋਰ ਫੈਲਾਉਣ ਲਈ ਹੀ ਰਾਜ ਨੇ ਦਖਲਅੰਦਾਜ਼ੀ ਕੀਤੀ ਹੈ। ਬੁਰਜ਼ੂਆ ਵਰਗ ਅੰਦਰ, ਵੱਡੇ ਅਜਾਰੇਦਾਰ ਪੂੰਜੀਪਤੀਆਂ ਨੇ ਆਪਣਾ ਪ੍ਰਭਾਵ ਅਤੇ ਆਪਣਾ ਅਹਿਮ ਥਾਂ ਬਣਾ ਕੇ ਰੱਖਿਆ ਹੈ ਤੇ ਹੋਰ ਵਧਾਇਆ ਹੈ। ਨਾਲ ਹੀ ਦੁਨੀਆਂ ਦੀਆਂ ਬਹੁ ਰਾਸ਼ਟਰੀ ਕੰਪਨੀਆਂ ਅਤੇ ਵਰਲਡ ਬੈਂਕ, ਏਸ਼ੀਅਨ ਡਵੈੱਲਪਮੈਂਟ ਬੈਂਕ ਆਦਿ ਵਰਗੀਆਂ ਵਿੱਤੀ ਸੰਸਥਾਵਾਂ ਨੇ ਵੀ ਆਪਣਾ ਦਬਾਅ ਵਧਾਇਆ ਹੈ।

ਅਜ਼ਾਦੀ ਤੋਂ ਬਾਦ ਪਹਿਲੇ ਤਿੰਨ ਦਹਾਕਿਆਂ ਦੌਰਾਨ, ਹਿੰਦੋਸਤਾਨੀ ਬੁਰਜ਼ੂਆਜ਼ੀ ਨੇ ਆਧੁਨਿਕ ਉਦਯੋਗ, ਇਸਪਾਤ ਪਲਾਂਟ, ਤੇਲ ਸੋਧਕ ਕਾਰਖਾਨੇ, ਆਧੁਨਿਕ ਫੌਜ ਆਦਿ ਦੇ ਜ਼ਰੂਰੀ ਢਾਂਚੇ ਨੂੰ ਉਸਾਰਨ ਲਈ ਹਿੰਦੋਸਤਾਨੀ ਰਾਜ ਦਾ ਇਸਤੇਮਾਲ ਕੀਤਾ। ਉੱਚੇ ਟੈਕਸ, ਡਿਊਟੀ ਆਦਿ ਲਗਾਏ ਗਏ ਤਾਂ ਕਿ ਹਿੰਦੋਸਤਾਨੀ ਬਜ਼ਾਰ ਦੇ ਵੱਖ-ਵੱਖ ਖੇਤਰਾਂ ਵਿੱਚ ਹਿੰਦੋਸਤਾਨੀ ਬੁਰਜ਼ੂਆਜ਼ੀ ਦਾ ਹੀ ਬੋਲਬਾਲਾ ਬਣਿਆ ਰਹੇ। ਪੂਰੀ ਜਨਤਾ ਤੋਂ ਭਾਰੀ ਕਰ ਵਸੂਲਿਆ ਗਿਆ, ਮੁਦਰਾ ਸਫ਼ੀਤੀ ਰਾਹੀਂ ਜਨਤਾ ਨੂੰ ਲੁੱਟਿਆ ਗਿਆ। ਰਾਜਕੀ ਖੇਤਰ ਵਿੱਚ "ਅਰਥ ਵਿਵਸਥਾ ਦੀਆਂ ਉੱਚੀਆਂ ਤੋਂ ਉੱਚੀਆਂ ਚੋਟੀਆਂ" ਸਰ ਕਰਨ ਲਈ ਜੋ ਪੂੰਜੀ ਨਿਵੇਸ਼ ਜ਼ਰੂਰੀ ਸੀ, ਉਸ ਲਈ ਘਰੇਲੂ ਬੈਂਕਾਂ ਅਤੇ ਵਰਲਡ ਬੈਂਕ ਵਰਗੀਆਂ ਸਾਮਰਾਜਵਾਦੀ ਸੰਸਥਾਵਾਂ ਤੋਂ ਭਾਰੀ ਉਧਾਰ ਲਿਆ ਗਿਆ। ਬੈਂਕਾਂ ਦਾ ਰਾਸ਼ਟਰੀਕਰਨ ਕੀਤਾ ਗਿਆ ਅਤੇ ਦਿਹਾਤੀ ਇਲਾਕਿਆਂ ਤੱਕ ਵੀ ਬੈਂਕਾਂ ਨੂੰ ਫੈਲਾਇਆ ਗਿਆ। ਇਹਨਾਂ ਸਾਰੇ ਤਰੀਕਿਆਂ ਨਾਲ ਪੂਰੀ ਅਬਾਦੀ ਦੀ ਬਚਤ ਦੇ ਪੈਸਿਆਂ ਨੂੰ ਇਕੱਠਾ ਕੀਤਾ ਗਿਆ ਅਤੇ ਉਸਨੂੰ ਵਿੱਤੀ ਪੂੰਜੀ ਦੇ ਰੂਪ ਵਿੱਚ ਟਾਟਾ, ਬਿਰਲਾ ਵਰਗੇ ਅਜਾਰੇਦਾਰ ਘਰਾਣਿਆਂ ਨੂੰ ਸੌਂਪ ਦਿੱਤਾ ਗਿਆ।

ਬੁਰਜੁਆਜੀ ਇਸ ਖੇਤਰ ਵਿੱਚ ਇੱਕ ਵੱਡੀ ਉਦਯੋਗਿਕ ਅਤੇ ਫੌਜੀ ਸ਼ਕਤੀ ਬਣਨਾ ਚਾਹੁੰਦੀ ਸੀ। ਉਸਦੇ ਇਸ ਮਨਸੂਬੇ ਨੂੰ ਸਿਰੇ ਚਾੜ੍ਹਨ ਲਈ ਹਿੰਦੋਸਤਾਨੀ ਜਨਤਾ ਦਾ ਖੂਬ ਖੂਨ ਚੂਸਿਆ ਗਿਆ ਤੇ ਇਸ ਨੂੰ ਲੋਕਾਂ ਸਾਹਮਣੇ "ਸਮਾਜਵਾਦੀ ਨਮੂਨੇ ਦਾ ਸਮਾਜ" ਬਣਾ ਕੇ ਪੇਸ਼ ਕੀਤਾ ਗਿਆ। ਰਾਜ ਉੱਤੇ ਅਜਾਰੇਦਾਰ ਕੰਪਨੀਆਂ ਹਾਵੀ ਹੋ ਗਈਆਂ। ਇਸ ਲਈ ਜਿਵੇਂ ਕਿ ਦਾਅਵਾ ਕੀਤਾ ਗਿਆ ਸੀ, ਰਾਜਕੀ ਖੇਤਰ ਦਾ ਵਿਸਥਾਰ ਹੋਣ ਨਾਲ, ਆਰਥਿਕ ਸ਼ਕਤੀ ਦਾ ਕੁਝ ਕੁ ਹੱਥਾਂ ਤੱਕ ਹੀ ਸੀਮਤ ਰਹਿਣਾ ਘੱਟ ਨਾ ਹੋਇਆ। ਬਲਕਿ

ਰਾਜ ਦੀ ਅਜਾਰੇਦਾਰੀ ਰਾਹੀਂ ਵੱਡੇ ਸਰਮਾਏਦਾਰ ਹੋਰ ਵੱਡੇ ਹੋ ਗਏ ਤੇ ਉਹਨਾਂ ਦੇ ਹੱਥਾਂ ਵਿੱਚ ਹੋਰ ਵਧੇਰੇ ਆਰਥਿਕ ਅਤੇ ਰਾਜਨੀਤਕ ਤਾਕਤ ਆ ਗਈ।

ਪੂੰਜੀਵਾਦ ਦੇ ਵਿਕਾਸ ਨਾਲ ਦੇਸ਼ ਭਰ ਵਿੱਚ ਅਲੱਗ-ਅਲੱਗ ਪ੍ਰਾਂਤਾਂ ਦੇ ਬੁਰਜੁਆ ਦਲ ਵਧ-ਫੁੱਲ ਰਹੇ ਹਨ। ਨਾਲ ਦੀ ਨਾਲ ਬਜ਼ਾਰ ਅਤੇ ਅਰਥ-ਵਿਵਸਤਾ ਉੱਤੇ ਹਿੰਦੋਸਤਾਨੀ ਅਤੇ ਅੰਤਰਰਾਸ਼ਟਰੀ ਵਿੱਤੀ ਪੂੰਜੀ ਦਾ ਬੋਲਬਾਲਾ ਬਹੁਤ ਵਧ ਗਿਆ ਹੈ। ਸਾਮਰਾਜਵਾਦੀਆਂ ਦੀ ਘੁਸਪੈਠ ਵੀ ਵਧ ਗਈ ਹੈ। ਬਹੁ ਰਾਸ਼ਟਰੀ ਕੰਪਨੀਆਂ ਖੇਤੀ ਉਦਯੋਗ ਵਿੱਚ ਖੇਤੀ ਲਈ ਸਹਾਇਕ ਸਮੱਗਰੀ ਦੇ ਉਦਯੋਗ ਵਿੱਚ ਅਤੇ ਖੇਤੀ ਉਤਪਾਦਾਂ ਦੇ ਬਜ਼ਾਰ ਵਿੱਚ ਤੇਜ਼ੀ ਨਾਲ ਪੈਰ ਪਸਾਰ ਰਹੀਆਂ ਹਨ। ਹਿੰਦੋਸਤਾਨੀ ਰਾਜ, ਦੇਸੀ ਅਤੇ ਵਿਦੇਸ਼ੀ ਪੂੰਜੀ ਰਾਹੀਂ ਇਸ ਮਿਲੀ-ਜੁਲੀ ਲੁੱਟ ਦੀ ਹਿਫ਼ਾਜਤ ਕਰਦਾ ਹੈ ਤੇ ਇਸ ਲਈ ਸਹਾਇਕ ਹੁੰਦਾ ਹੈ। ਬੇਸ਼ੱਕ ਇਹ ਪਹਿਲਾਂ ਤੋਂ ਹੀ ਹੁੰਦਾ ਰਿਹਾ ਹੈ ਪਰ ਏਨੇ ਸਿੱਧੇ ਅਤੇ ਖੁੱਲੇ ਰੂਪ ਵਿੱਚ ਨਹੀਂ। ਜਦੋਂ ਤੋਂ ਹਿੰਦੋਸਤਾਨ ਵਿਸ਼ਵ ਵਪਾਰ ਸੰਗਠਨ ਵਿੱਚ ਸ਼ਾਮਲ ਹੋਇਆ ਹੈ ਅਤੇ ਇਸ ਨੇ ਨਿੱਜੀਕਰਨ-ਉਦਾਰੀਕਰਨ ਦੇ ਨੁਸਖਿਆਂ ਨੂੰ ਅਪਣਾਇਆ ਹੈ, ਉਦੋਂ ਤੋਂ ਇਹ ਸਭ ਖੁੱਲੇ-ਆਮ ਹੋ ਰਿਹਾ ਹੈ।

"ਸਮਾਜਵਾਦੀ ਨਮੂਨੇ ਦਾ ਸਮਾਜ" ਲੋਕਾਂ ਨੂੰ ਰੋਜ਼ੀ-ਰੋਟੀ ਦੀ ਸੁਰੱਖਿਆ ਨਹੀਂ ਦੇ ਸਕਿਆ। ਇਸ ਲਈ ਜਿਵੇਂ-ਜਿਵੇਂ ਮਿਹਨਤਕਸ਼ਾਂ ਦਾ ਗੁੱਸਾ ਵਧਦਾ ਗਿਆ, ਬੁਰਜੁਆਜ਼ੀ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ 'ਮੁਕਤ ਬਜ਼ਾਰ ਦੇ ਸੁਧਾਰਾਂ' ਰਾਹੀਂ ਇਹ ਸਮੱਸਿਆ ਹਲ ਹੋ ਜਾਵੇਗੀ। ਬੁਰਜੁਆਜੀ ਇਹ ਦਾਅਵਾ ਕਰਦੀ ਹੈ ਕਿ ਇਹਨਾਂ ਸੁਧਾਰਾਂ ਰਾਹੀਂ ਇਜਾਰੇਦਾਰੀ ਉੱਤੇ ਰੋਕ ਲੱਗੇਗੀ ਅਤੇ ਅਰਥ-ਵਿਵਸਥਾ ਵਿੱਚ ਮੁਕਾਬਲੇਬਾਜ਼ੀ ਵਿੱਚ ਵਾਧਾ ਹੋਵੇਗਾ। ਇਹ ਪ੍ਰਚਾਰ 80 ਦੇ ਦਹਾਕਿਆਂ ਦੇ ਵਿਚਕਾਰੋਂ ਅਤੇ ਖਾਸ ਤੌਰ ਤੇ 1991 ਤੋਂ ਜ਼ੋਰ-ਸ਼ੋਰ ਨਾਲ ਹੋ ਰਿਹਾ ਹੈ।

ਪਿਛਲੇ ਦਸ ਤੋਂ ਵਧੇਰੇ ਸਾਲਾਂ ਤੋਂ ਉਦਾਰੀਕਰਨ-ਨਿੱਜੀਕਰਨ ਦੀਆਂ ਨੀਤੀਆਂ ਬਾਰੇ ਸਾਡਾ ਅਨੁਭਵ ਸਾਫ਼ ਦਰਸਾਉਂਦਾ ਹੈ ਕਿ ਇਹਨਾਂ ਨੀਤੀਆਂ ਦਾ ਅਸਲ ਮਕਸਦ ਵੱਡੀਆਂ ਅਜਾਰੇਦਾਰ ਕੰਪਨੀਆਂ ਅਤੇ ਵਿੱਤ ਪੂੰਜੀਪਤੀਆਂ ਦੇ ਮੁਨਾਫ਼ੇ ਵਧਾਉਣਾ ਹੀ ਹੈ। ਚਾਰ ਦਹਾਕਿਆਂ ਤੱਕ ਅਜਾਰੇਦਾਰ ਪੂੰਜੀਪਤੀਆਂ ਨੇ ਰਾਜਕੀ ਪੂੰਜੀ ਨਿਵੇਸ਼ ਦੇ ਵਿਸਥਾਰ ਰਾਹੀਂ ਅਤੇ ਹਿੰਦੋਸਤਾਨੀ ਬਜ਼ਾਰ ਨੂੰ ਆਪਣੇ ਲਈ ਸੁਰੱਖਿਅਤ ਰੱਖਕੇ ਮੋਟੇ-ਤਾਜ਼ੇ ਪੈਸੇ ਕਮਾਏ ਸਨ। ਹੁਣ ਉਹ ਹਿੰਦੋਸਤਾਨ ਦੀ ਧਰਤੀ ਅਤੇ ਕਿਰਤ ਦੇ ਸ਼ੋਸ਼ਣ ਤੇ ਲੁੱਟ-ਮਾਰ ਨੂੰ ਤਿੱਖਾ ਕਰਕੇ ਪਹਿਲਾਂ ਤੋਂ ਵੀ ਵੱਧ ਪੈਸੇ ਕਮਾਉਣਾ ਚਾਹੁੰਦੇ ਹਨ। ਵਿਦੇਸ਼ੀ ਬਜ਼ਾਰਾਂ ਵਿੱਚ ਹਿੰਦੋਸਤਾਨੀ ਪੂੰਜੀ-ਨਿਵੇਸ਼ ਦੇ ਬਦਲੇ ਉਹਨਾਂ ਨੇ ਦੇਸ਼ ਦੇ ਬਜ਼ਾਰ ਨੂੰ ਵਿਦੇਸ਼ੀ ਕੰਪਨੀਆਂ ਲਈ ਖੋਹਲ ਦਿੱਤਾ ਹੈ। ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ ਲਈ ਲੋੜੀਂਦੇ ਨਿਵੇਸ਼ ਦੀ

ਭਾਲ ਵਿੱਚ ਵਿਦੇਸ਼ੀ ਬੈਂਕਾਂ ਅਤੇ ਮਿਊਚਲ ਫੰਡਾਂ ਲਈ ਦਰ ਖੁੱਲ ਗਏ ਹਨ। ਉਹ ਰਾਜ ਦੀਆਂ ਉਤਪਾਦਕ ਜਾਇਦਾਦਾਂ ਨੂੰ ਕੌਡੀਆਂ ਦੇ ਭਾਅ ਖਰੀਦ ਰਹੇ ਹਨ ਅਤੇ ਇਸ ਦਾ ਖਮਿਆਜਾ ਮਿਹਨਤਕਸ਼ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਉਹ ਵੱਧ ਤੋਂ ਵੱਧ ਟੈਕਸ ਵਸੂਲ ਕੇ ਲੋਕਾਂ ਨੂੰ ਲੁੱਟ ਰਹੇ ਹਨ ਅਤੇ ਪਾਣੀ, ਬਿਜਲੀ, ਸਿੱਖਿਆ, ਸਿਹਤ ਆਦਿ ਜਿਹੀਆਂ ਸਰਵਜਨਕ ਸੇਵਾਵਾਂ ਲਈ ਅਜਾਰੇਦਾਰ ਕੰਪਨੀਆਂ ਵੱਲੋਂ ਤੈਅ ਕੀਤੀਆਂ ਉੱਚੀਆਂ ਕੀਮਤਾਂ ਮੰਗ ਰਹੇ ਹਨ।

ਕਿਸੇ ਵੀ ਹਾਲਤ ਵਿੱਚ ਵੱਧ ਤੋਂ ਵੱਧ ਮੁਨਾਫ਼ਾ ਦਰ ਹਾਸਲ ਕਰਨ ਦੇ ਅਜਾਰੇਦਾਰ ਪੂੰਜੀਪਤੀਆਂ ਦੇ ਲਾਲਚ ਅਤੇ ਪੂੰਜੀਵਾਦ ਦੇ ਆਰਥਿਕ ਸੰਕਟ ਕਾਰਨ ਹਿੰਦੋਸਤਾਨੀ ਸਮਾਜ ਵਿੱਚ ਵੱਡੇ ਪੱਧਰ ਉੱਤੇ ਅਸੁਰੱਖਿਆ ਦੀ ਭਾਵਨਾ ਫੈਲ ਰਹੀ ਹੈ। ਲੱਖਾਂ ਕਿਸਾਨਾਂ ਅਤੇ ਪੇਂਡੂ ਗਰੀਬਾਂ ਨੂੰ ਭੁੱਖਮਰੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਅਤੇ ਖੁਦਕੁਸ਼ੀਆਂ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਸਿਰਫ਼ ਮਿਹਨਤਕਸ਼ਾਂ ਵਿੱਚ ਹੀ ਨਹੀਂ ਜਾਇਦਾਦ ਵਾਲੇ ਵਰਗਾਂ ਦੇ ਕੁਝ ਤਬਕਿਆਂ ਵਿੱਚ ਵੀ ਅਸਰੁੱਖਿਆ ਵਧ ਰਹੀ ਹੈ। ਪਹਿਲਾਂ ਜੋ ਇਸ ਪ੍ਰਬੰਧ ਅੰਦਰ ਸ਼ਾਮਲ ਸਨ, ਹੁਣ ਉਹਨਾਂ ਸਾਰੇ ਤਬਕਿਆਂ ਨੂੰ ਸ਼ਾਮਲ ਰੱਖਣਾ ਸੰਭਵ ਨਹੀਂ ਰਿਹਾ। ਇਸ ਤਰ੍ਹਾਂ ਬੁਰਜੁਆਜ਼ੀ ਦੀ ਆਪਸ ਵਿੱਚ ਸੱਤਾ-ਵੰਡ ਦੀ ਜੋ ਵਿਵਸਥਾ ਹੁਣ ਤੱਕ ਚੱਲ ਰਹੀ ਸੀ, ਉਹ ਵੀ ਹੁਣ ਘੋਰ ਸੰਕਟ ਵਿੱਚ ਹੈ।

ਰਾਜਨੀਤਕ ਸੰਕਟ ਦੀ ਝਲਕ ਸਰਕਾਰ ਦੇ ਸੰਕਟ ਵਿਚ ਨਜ਼ਰ ਆਉਂਦੀ ਹੈ। ਇਹਨੀਂ ਦਿਨੀਂ ਬੜੀ ਤੇਜ਼ੀ ਨਾਲ ਨਵੀਆਂ-ਨਵੀਆਂ ਗਠਜੋੜ ਸਰਕਾਰਾਂ ਬਣਦੀਆਂ ਅਤੇ ਡਿੱਗਦੀਆਂ ਜਾ ਰਹੀਆਂ ਹਨ। ਬੁਰਜੁਆਜ਼ੀ ਦਾ ਫੌਰੀ ਰਾਜਨੀਤਕ ਮਕਸਦ ਹੈ ਆਪਣੀ ਹਕੂਮਤ ਨੂੰ ਸਥਾਈ ਬਣਾਉਣਾ ਅਤੇ ਆਪਣੇ ਮੁਨਾਫ਼ਿਆਂ ਨੂੰ ਬਚਾਈ ਰੱਖਦਿਆਂ ਸੰਕਟ 'ਚੋਂ ਬਚ ਨਿਕਲਣਾ। ਇਸ ਖੁਦਗਰਜ਼ ਮਕਸਦ ਨੂੰ ਹਾਸਲ ਕਰਨ ਲਈ ਉਹ ਕੋਈ ਵੀ ਤਰੀਕਾ ਅਪਣਾਉਣ ਨੂੰ ਤਿਆਰ ਹੈ, ਬੇਸ਼ੱਕ ਉਹ ਕਿੰਨਾ ਵੀ ਅਪਰਾਧਕ ਕਿਸਮ ਦਾ ਅਤੇ ਬੇਰਹਿਮ ਕਿਉਂ ਨਾ ਹੋਵੇ। ਉਹ ਫਿਰਕੂ ਅਤੇ ਫਾਸ਼ੀਵਾਦੀ ਹਿੰਸਾ ਤੇ ਅੰਤਰ-ਸਾਮਰਾਜਵਾਦੀ ਜੰਗ ਛੇੜਨ ਲਈ ਵੀ ਤਿਆਰ ਹਨ। ਇਸ ਜੰਗ ਅਤੇ ਫਾਸ਼ੀਵਾਦ ਦੇ ਖਤਰੇ ਨੂੰ ਖ਼ਤਮ ਕਰਨ ਲਈ ਇਨਕਲਾਬ, ਅੱਜ ਦੇ ਸਮੇਂ ਦੀ ਮੰਗ ਹੈ।

ਬੁਰਜ਼ੁਆ ਹਕੂਮਤ ਦੇ ਸਿਆਸੀ ਸੰਕਟ ਵਿਚੋਂ ਮਜ਼ਦੂਰ ਵਰਗ ਨੂੰ ਸਰਵਹਾਰਾ ਇਨਕਲਾਬ ਦਾ ਰਸਤਾ ਕੱਢਣ ਦਾ ਮੌਕਾ ਮਿਲਦਾ ਹੈ। ਹਿੰਦੋਸਤਾਨੀ ਸਮਾਜ ਦੇ ਅੱਜ ਦੇ ਹਰ ਤਰਫਾ ਸੰਕਟ ਨੂੰ ਮਿਹਨਤਕਸ਼ਾਂ ਦੇ ਪੱਖ ਵਿੱਚ ਹਲ ਕਰਨ ਲਈ ਇਨਕਲਾਬ ਹੀ ਇੱਕ-ਮਾਤਰ ਰਸਤਾ ਹੈ। ਦੇਸ਼ ਦੇ ਤਮਾਮ ਮਿਹਨਤਕਸ਼ ਕਿਸਾਨਾਂ ਨੂੰ ਸ਼ੋਸ਼ਣ, ਗਰੀਬੀ ਅਤੇ ਦਮਨ ਦੇ ਹਨੇਰੇ ਭਵਿੱਖ ਤੋਂ ਮੁਕਤ ਕਰਵਾਉਣ ਲਈ ਇਹ ਜ਼ਰੂਰੀ ਸ਼ਰਤ ਹੈ। ਹਿੰਦੋਸਤਾਨ ਅਤੇ ਪੂਰੇ

ਦੱਖਣੀ ਏਸ਼ੀਆ ਨੂੰ ਤਬਾਹਕੁੰਨ ਸਾਮਰਾਜਵਾਦੀ ਜੰਗ ਅਤੇ ਵਿਦੇਸ਼ੀ ਕਬਜ਼ੇ ਤੋਂ ਬਚਾਉਣ ਦਾ ਇਹੋ ਇੱਕ ਤਰੀਕਾ ਹੈ। ਕਸ਼ਮੀਰੀ, ਨਾਗਾ, ਮਣੀਪੁਰੀ ਅਤੇ ਦੂਸਰੀਆਂ ਕੌਮਾਂ ਦੇ ਲੋਕਾਂ ਉੱਤੇ ਕੌਮੀ ਅਤਿਆਚਾਰ ਨੂੰ ਖਤਮ ਕਰਨ ਦਾ ਇਹੋ ਇੱਕ ਤਰੀਕਾ ਹੈ। ਫ਼ਿਰਕਾ ਪ੍ਰਸਤੀ ਅਤੇ ਫਿਰਕੂ ਹਿੰਸਾ, ਔਰਤਾਂ ਅਤੇ ਦਲਿਤਾਂ ਉੱਤੇ ਅਤਿਆਚਾਰ ਆਦਿ ਨੂੰ ਹਮੇਸ਼ਾ ਲਈ ਖਤਮ ਕਰਨ ਦਾ ਇਹੋ ਇੱਕ ਤਰੀਕਾ ਹੈ।

ਸਾਥੀਓ, ਮਾਰਕਸਵਾਦ ਦਾ ਵਿਗਿਆਨ ਸਾਨੂੰ ਸਿਖਾਉਂਦਾ ਹੈ ਕਿ ਲੋਕਤੰਤਰ ਇੱਕ ਜਮਾਤੀ ਸਵਾਲ ਹੈ। ਜਦੋਂ ਪੂੰਜਵਾਦ ਚੜ੍ਹਾਈ ਉੱਤੇ ਸੀ ਤਾਂ ਬੁਰਜੁਆਜ਼ੀ ਇੱਕ ਪ੍ਰਗਤੀਸ਼ੀਲ ਜਮਾਤ ਸੀ ਜੋ ਸਮਾਜ ਦੇ ਹਰੇਕ ਮੈਂਬਰ ਦੇ ਆਪਣੀ ਨਿੱਜੀ ਜਾਇਦਾਦ ਦੇ ਹੱਕ ਲਈ, ਜ਼ਮੀਨ ਦੀ ਵਿਕਰੀ ਉੱਤੇ ਪਾਬੰਦੀਆਂ ਨੂੰ ਖਤਮ ਕਰਨ ਲਈ, ਜਨਮ ਅਧਾਰਤ ਵਿਸ਼ੇਸ਼ ਅਧਿਕਾਰਾਂ ਨੂੰ ਰੱਦ ਕਰਨ ਲਈ ਲੜ ਰਹੀ ਸੀ। ਨਿੱਜੀ ਜਾਇਦਾਦ ਦੇ ਅਧਿਕਾਰਾਂ ਉੱਤੇ ਅਧਾਰਤ, ਖੁੱਲੀ ਮੁਕਾਬਲੇਬਾਜ਼ੀ ਲਈ ਸੰਘਰਸ਼ ਉਸ ਸਮੇਂ ਸਮਾਜ ਦੇ ਵਿਕਾਸ ਦਾ ਰਸਤਾ ਖੋਹਲਣ ਦਾ ਸੰਘਰਸ਼ ਸੀ। ਵੱਡੇ ਪੈਮਾਨੇ ਉੱਤੇ ਉਦਯੋਗ ਵਿਕਸਿਤ ਕਰਨ ਲਈ ਇਹ ਸੰਘਰਸ਼ ਬੁਰਜ਼ੁਆਜ਼ੀ ਲਈ ਜ਼ਰੂਰੀ ਸੀ।

ਯੂਰਪ ਦੇ ਬੁਰਜ਼ੁਆ ਲੋਕਤੰਤਰ ਇਨਕਲਾਬਾਂ ਨੇ ਇਹ ਐਲਾਨ ਕਰ ਦਿੱਤਾ ਕਿ ਹੁਣ ਤੋਂ ਸਮਾਜ ਦੇ ਮੈਂਬਰਾਂ ਦਰਮਿਆਨ ਗੈਰ-ਬਰਾਬਰੀ ਸਿਰਫ਼ ਪੂੰਜੀ ਦੀ ਮਾਲਕੀ ਦੀ ਮਿਕਦਾਰ ਉੱਤੇ ਹੀ ਅਧਾਰਤ ਹੋਵੇਗੀ। ਬੁਰਜੁਆ ਲੋਕਤੰਤਰ ਲਈ ਇਸ ਸੰਘਰਸ਼ ਕਾਰਨ ਪੂੰਜੀ ਮੁੱਖ ਤਾਕਤ ਬਣ ਗਈ ਅਤੇ ਬੁਰਜੁਆਜ਼ੀ ਸਮਾਜ ਦੀ ਮੁੱਖ ਜਮਾਤ ਵਜੋਂ ਉੱਭਰੀ। ਇਸ ਜਮਾਤ ਨੇ ਆਪਣੇ ਨੁਮਾਇੰਦਿਆਂ ਦਾ ਇੱਕ ਅਜਿਹਾ ਪ੍ਰਬੰਧ ਕਾਇਮ ਕੀਤਾ ਜੋ ਕਾਨੂੰਨ ਦੀਆਂ ਨਜ਼ਰਾਂ ਵਿੱਚ ਪੂੰਜੀਪਤੀਆਂ ਦੀ ਬਰਾਬਰੀ ਅਤੇ ਖੁੱਲੀ-ਮੁਕਾਬਲੇਬਾਜ਼ੀ ਦੀਆਂ ਮਾਨਤਾਵਾਂ ਉੱਤੇ ਅਧਾਰਤ ਸੀ।

ਅੱਜ ਜਦੋਂ ਪੂੰਜੀਵਾਦ, ਅਜਾਰੇਦਾਰ ਪੂੰਜੀਵਾਦ ਯਾਨੀ ਸਾਮਰਾਜਵਾਦ ਦੀ ਆਪਣੀ ਸਭ ਤੋਂ ਉੱਚੀ ਸਟੇਜ ਉੱਤੇ ਪਹੁੰਚ ਗਿਆ ਹੈ ਤਾਂ ਬੁਰਜ਼ੁਆਜ਼ੀ ਇੱਕ ਬੇਹੱਦ ਪ੍ਰਤੀਕ੍ਰਿਆਵਾਦੀ ਅਤੇ ਲੋਕਤੰਤਰ ਵਿਰੋਧੀ ਤਾਕਤ ਬਣ ਗਈ ਹੈ ਜੋ ਜੀਵਨ ਦੇ ਹਰ ਖੇਤਰ ਉੱਤੇ ਆਪਣਾ ਦਬਦਬਾ ਅਤੇ ਨਿਯੰਤਰਣ ਰੱਖਣਾ ਚਾਹੁੰਦੀ ਹੈ। ਅੱਜ ਨਿੱਜੀ ਜਾਇਦਾਦ ਇਕੱਠਾ ਕਰਨ ਦਾ ਅਧਿਕਾਰ ਸਮਾਜ ਦੇ ਅਗਲੇਰੇ ਵਿਕਾਸ ਦੇ ਰਸਤੇ ਵਿੱਚ ਇਨਸਾਨਾਂ ਅਤੇ ਜਨਸਮੂਹਾਂ ਦੇ ਹੱਕ ਹਾਸਲ ਕਰਨ ਦੇ ਰਸਤੇ ਵਿੱਚ, ਮਜ਼ਦੂਰਾਂ-ਕਿਸਾਨਾਂ-ਕੌਮਾਂ-ਕੌਮੀਅਤਾਂ ਦੇ ਹੱਕ ਹਾਸਲ ਕਰਨ ਦੇ ਰਸਤੇ ਵਿੱਚ ਸਭ ਤੋਂ ਵੱਡਾ ਰੋੜਾ ਬਣ ਗਿਆ ਹੈ। ਬੁਰਜ਼ੁਆ ਲੋਕਤੰਤਰ ਹੁਣ ਇੱਕ ਪ੍ਰਗਤੀਸ਼ੀਲ ਜਾਂ ਲੋਕਤੰਤਰਿਕ ਤਾਕਤ ਨਹੀਂ ਰਹਿ ਗਿਆ ਹੈ। ਉਹ ਸਮਾਜਕ ਵਿਕਾਸ ਦੇ ਰਸਤੇ ਵਿੱਚ ਰੁਕਾਵਟ ਬਣ ਗਿਆ ਹੈ।

2001 ਵਿੱਚ ਹੋਈ ਹਿੰਦੋਸਤਾਨ ਦੀ ਸਰਕਾਰੀ ਜਨਗਣਨਾ ਦਿਖਾਉਂਦੀ ਹੈ ਕਿ ਉਹ ਮਜ਼ਦੂਰ ਵਰਗ ਜਿਸ ਕੋਲ ਆਪਣੀ ਕਿਰਤ ਸ਼ਕਤੀ ਤੋਂ ਇਲਾਵਾ ਕੋਈ ਹੋਰ ਜਾਇਦਾਦ ਨਹੀਂ ਹੈ, ਦੇਸ਼ ਦੀ ਅੱਧੀ ਅਬਾਦੀ ਤੋਂ ਵੀ ਵੱਧ ਹੈ। ਮਜ਼ਦੂਰ ਵਰਗ ਹਿੰਦੋਸਤਾਨੀ ਸਮਾਜ ਵਿੱਚ ਸਭ ਤੋਂ ਵੱਡੀ ਗਿਣਤੀ ਵਾਲਾ ਵਰਗ ਹੈ, ਫਿਰ ਕਿਸਾਨ ਵਰਗ ਹੈ। ਇਹਨਾਂ ਦੋਹਾਂ ਮਿਹਨਤਕਸ਼ ਵਰਗਾਂ ਨੂੰ ਮਿਲਾ ਕੇ, 90 ਪ੍ਰਤੀਸ਼ਤ ਅਬਾਦੀ ਬਣਦੀ ਹੈ। ਇਹ ਮਿਹਨਤਕਸ਼ ਬਹੁ ਗਿਣਤੀ ਆਪਣੇ ਹੱਕਾਂ ਦੀ ਮੰਗ ਕਰ ਰਹੀ ਹੈ। ਇਹੀ ਅੱਜ ਦੇ ਹਿੰਦੋਸਤਾਨ ਦਾ ਮੁੱਖ ਲੋਕਤੰਤਰਕ ਸੰਘਰਸ਼ ਹੈ।

ਸਮਾਜ ਦੇ ਪੜ੍ਹਾਅ ਉੱਤੇ ਸਿਰਫ਼ ਮਜ਼ਦੂਰ ਜਮਾਤ ਹੀ, ਲੋਕਤੰਤਰਕ ਤਬਦੀਲੀ ਨੂੰ ਪੂਰਾ ਕਰਨ ਦੇ ਸੰਘਰਸ਼ ਨੂੰ ਸਭ ਪ੍ਰਕਾਰ ਦੀਆਂ ਮੱਧਕਾਲੀਨ, ਪੱਛੜੀਆਂ ਅਮਾਨਵੀ ਪਰੰਪਰਾਵਾਂ ਤੋਂ ਮੁਕਤੀ ਪ੍ਰਾਪਤ ਕਰਨ ਦੇ ਸੰਘਰਸ਼ ਨੂੰ ਅੱਗੇ ਵਧਾ ਸਕਦੀ ਹੈ। ਮਜ਼ਦੂਰ ਜਮਾਤ ਸਮੂਹਕ ਜਾਇਦਾਦ ਉੱਤੇ ਅਧਾਰਤ ਨਵੇਂ ਸਮਾਜ ਲਈ ਲੜਕੇ ਸਮਾਜਕ ਵਿਕਾਸ ਦਾ ਰਸਤਾ ਖੋਹਲੇਗੀ।

ਅੱਜ ਸਮਾਜ ਵਿੱਚ ਜਾਇਦਾਦ ਦੇ ਮਾਲਕਾਂ ਨੂੰ ਮਿਹਨਤ ਕਰਨ ਵਾਲਿਆਂ ਤੋਂ ਉੱਚੇ ਮੰਨਿਆਂ ਜਾਂਦਾ ਹੈ। ਅਜਿਹੇ ਸਮਾਜ ਵਿੱਚ ਮਾਲਕਾਂ ਦੁਆਰਾ ਮਿਹਨਤਕਸ਼ਾਂ ਦੇ ਹੱਕਾਂ ਨੂੰ ਦਬਾਉਣਾ ਨਿਸ਼ਚਿਤ ਹੈ। ਪ੍ਰੰਤੂ ਸਮਾਜਵਾਦੀ ਸਮਾਜ ਸਮਾਜਕ ਜਾਇਦਾਦ ਉੱਤੇ ਅਧਾਰਤ ਹੈ। ਉਸ ਵਿੱਚ ਇਨਸਾਨ ਦੀ ਮਿਹਨਤ ਨੂੰ ਦੂਸਰੀਆਂ ਸਭ ਵਸਤਾਂ ਤੋਂ ਵਧੇਰੇ ਮਹੱਤਵ ਦਿੱਤਾ ਜਾਂਦਾ ਹੈ। ਸਮਾਜ ਦੇ ਅਜੋਕੇ ਪੜ੍ਹਾਅ ਉੱਤੇ ਸਿਰਫ਼ ਇਸ ਤਰ੍ਹਾਂ ਦਾ ਸਮਾਜਵਾਦੀ ਪ੍ਰਬੰਧ ਹੀ ਇਨਸਾਨਾਂ ਦੇ ਹੱਕਾਂ ਨੂੰ ਪੂਰੀ ਤਰ੍ਹਾਂ ਮਾਨਤਾ ਦੇ ਸਕਦਾ ਹੈ।

ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ ਨੇ ਆਧੁਨਿਕ ਸਮਾਜ ਅੰਦਰ ਮਿਹਨਤਕਸ਼ਾਂ ਦੇ ਵਿਅਕਤੀਗਤ ਅਤੇ ਸਮੂਹਕ ਹੱਕਾਂ ਨੂੰ ਹਾਸਲ ਕਰਨ ਦਾ ਰਸਤਾ ਵਿਖਾਇਆ ਸੀ। ਸਮਾਜਵਾਦ ਦੇ ਪਹਿਲੇ ਦੌਰ ਵਿੱਚ ਇੱਕ ਆਮ ਲੋਕਤੰਤਰ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਮਾਨਵੀ ਹਾਲਤਾਂ ਵਿੱਚ ਕੰਮ ਕਰਨ ਅਤੇ ਜੀਣ ਦੇ ਹੱਕ ਸਮੇਤ ਮਿਹਨਤਕਸ਼ਾਂ ਦੇ ਸਭਨਾਂ ਹੱਕਾਂ ਨੂੰ ਮਾਨਤਾ ਦਿੱਤੀ ਗਈ। ਸੋਵੀਅਤ ਸੰਘ ਅੰਦਰ ਹਰੇਕ ਕੌਮ ਦੇ ਲੋਕਾਂ ਨੂੰ ਇਹ ਹੱਕ ਦਿੱਤਾ ਗਿਆ ਸੀ ਕਿ ਉਹ ਆਪਣੀ ਭਾਸ਼ਾ ਵਿੱਚ ਸਰਕਾਰੀ ਕੰਮ-ਕਾਜ ਕਰ ਸਕਦੇ ਹਨ ਅਤੇ ਕਿਸੇ ਵੀ ਸਮੇਂ ਸੋਵੀਅਤ ਸੰਘ ਤੋਂ ਵੱਖਰੇ ਵੀ ਹੋ ਸਕਦੇ ਹਨ। ਨਾਗਰਿਕਾਂ ਦੇ ਹੱਕਾਂ ਨੂੰ ਉਹਨਾਂ ਦੇ ਵਰਗ ਅਨੁਸਾਰ ਮਾਨਤਾ ਦਿੱਤੀ ਜਾਂਦੀ ਸੀ। ਇਨਕਲਾਬ ਤੋਂ ਪਹਿਲਾਂ ਜਿਹੜੇ ਜਾਇਦਾਦ ਦੀ ਮਾਲਕੀ ਵਾਲੇ ਵਰਗਾਂ ਨੂੰ ਹੀ ਸਭ ਹੱਕ ਪ੍ਰਾਪਤ ਸਨ, ਉਹਨਾਂ ਤੋਂ ਉਹ ਹੱਕ ਖੋਹ ਲਏ ਗਏ ਸਨ।

ਜਦੋਂ ਸਮਾਜਵਾਦ ਦੇ ਆਰਥਿਕ ਅਧਾਰ ਨੂੰ ਸਥਾਪਤ ਕਰ ਦਿੱਤਾ ਗਿਆ ਤੇ ਪੂੰਜੀਵਾਦ ਅਤੇ ਸ਼ੋਸ਼ਕ ਵਰਗਾਂ ਨੂੰ ਸੋਵੀਅਤ ਸਮਾਜ ਵਿੱਚੋਂ ਮਿਟਾ ਦਿੱਤਾ ਗਿਆ ਤਾਂ ਹੱਕਾਂ ਦੀ ਪ੍ਰਿਭਾਸ਼ਾ ਅਤੇ ਮਾਨਤਾ ਨੂੰ ਹੋਰ ਵਿਸ਼ਾਲ ਕਰਨ ਦੀ ਸਮੱਸਿਆ ਸਾਹਮਣੇ ਆਈ। ਫਿਰ ਇਹ ਜ਼ਰੂਰੀ ਹੋ ਗਿਆ ਕਿ ਹੱਕਾਂ ਨੂੰ ਵਰਗ ਦੇ ਅਧਾਰ ਉੱਤੇ ਨਹੀਂ ਸਗੋਂ ਇਨਸਾਨੀਅਤ ਦੇ ਅਧਾਰ ਉੱਤੇ ਮਾਨਤਾ ਦਿੱਤੀ ਜਾਵੇ। ਸਮਾਜ ਦੇ ਹਰ ਮੈਂਬਰ ਨੂੰ ਇਨਸਾਨ ਹੋਣ ਦੇ ਨਾਤੇ ਮਾਨਵ-ਅਧਿਕਾਰ ਮਿਲਣੇ ਸਨ। 1936 ਦੇ ਸੰਵਿਧਾਨ ਨੇ ਇਸ ਤਰ੍ਹਾਂ ਦੀ ਤਬਦੀਲੀ ਲਈ ਅਧਾਰ ਮੁਹੱਈਆ ਕਰਵਾਇਆ ਸੀ। ਪ੍ਰੰਤੂ ਇਹ ਕਾਗਜ਼ਾਂ ਵਿੱਚ ਹੀ ਦੱਬਿਆ ਰਹਿ ਗਿਆ ਕਿਉਂਕਿ ਖਰੁਸ਼ਚੋਵਵਾਦੀਆਂ ਨੇ ਸੋਵੀਅਤ ਸੰਘ ਵਿਚਲੀਆਂ ਘਟਨਾਵਾਂ ਦੀ ਦਿਸ਼ਾ ਹੀ ਬਦਲਕੇ ਰੱਖ ਦਿੱਤੀ, ਜਿਸ ਵਿੱਚ ਕਮਿਊਨਿਸਟ ਪਾਰਟੀ ਅਤੇ ਸੋਵੀਅਤ ਰਾਜ ਦੇ ਜਮਾਤੀ ਖਾਸੇ ਨੂੰ ਬਦਲਨਾ ਵੀ ਸ਼ਾਮਲ ਸੀ।

ਅੱਜ, ਅਕਤੂਬਰ ਇਨਕਲਾਬ ਤੋਂ ਬਾਅਦ ਦੇ ਦੌਰ ਵਿੱਚ, ਜਦੋਂ ਲੋਕਾਂ ਦੇ ਹੱਕਾਂ ਉੱਤੇ ਏਨੇ ਹਮਲੇ ਹੋ ਰਹੇ ਹਨ, ਤਾਂ ਕਮਿਊਨਿਸਟਾਂ ਦਾ ਕੀ ਹੁੰਗਾਰਾ ਹੋਣਾ ਚਾਹੀਦਾ ਹੈ ? ਕਮਿਊਨਿਸਟਾਂ ਨੂੰ ਲੋਕਤੰਤਰ ਦੇ ਸਵਾਲ ਅਤੇ ਅਧਿਕਾਰਾਂ ਦੀ ਪ੍ਰਿਭਾਸ਼ਾ ਬਾਰੇ ਸਭ ਤੋਂ ਅਗਾਂਹ-ਵਧੂ ਵਿਚਾਰ ਰੱਖਣੇ ਚਾਹੀਦੇ ਹਨ। ਹੱਕਾਂ ਨੂੰ ਮਾਨਤਾ ਦਵਾਉਣ ਦੇ ਮੁੱਦੇ ਉੱਤੇ ਅੱਜ ਸਮਾਜ ਵਿੱਚ ਜੋ ਸਭ ਤੋਂ ਉੱਚੀ ਸਮਝ ਹੈ, ਸਾਨੂੰ ਉਸ ਅਨੁਸਾਰ ਆਪਣਾ ਤਰਕ ਪੇਸ਼ ਕਰਨਾ ਪਵੇਗਾ। ਸਾਨੂੰ ਕਹਿਣਾ ਪਵੇਗਾ ਕਿ 1936 ਦੇ ਸੋਵੀਅਤ ਸੰਵਿਧਾਨ ਤੋਂ ਘੱਟ ਕੁਝ ਵੀ ਸਾਨੂੰ ਮਨਜ਼ੂਰ ਨਹੀਂ ਹੈ। ਹੁਣ ਤੱਕ ਹੱਕਾਂ ਦੇ ਬਾਰੇ ਜੋ ਸਭ ਤੋਂ ਉੱਚੀ ਸਮਝ ਮੰਨੀ ਜਾਂਦੀ ਹੈ, ਸਾਨੂੰ ਉਹੀ ਮਨਜ਼ੂਰ ਹੈ ਤੇ ਉਥੋਂ ਸ਼ੁਰੂ ਹੋ ਕੇ ਹੀ ਸਾਨੂੰ ਅੱਗੇ ਵਧਣਾ ਪਵੇਗਾ।

ਹਿੰਦੋਸਤਾਨ ਦੇ 1950 ਦੇ ਸੰਵਿਧਾਨ ਅਨੁਸਾਰ, ਪ੍ਰਭੂਸੱਤਾ ਜਾਂ ਸਭ ਤੋਂ ਉੱਚੀ ਤਾਕਤ ਕਾਨੂੰਨੀ ਤੌਰ ਉੱਤੇ ਰਾਸ਼ਟਰਪਤੀ ਦੇ ਹੱਥਾਂ ਵਿੱਚ ਹੈ ਜੋ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਕੈਬਨਿਟ ਜਾਂ ਮੰਤਰੀ ਮੰਡਲ ਦੀ ਸਲਾਹ ਨਾਲ ਹੀ ਕੰਮ ਕਰ ਸਕਦਾ ਹੈ। ਇਸ ਤਰ੍ਹਾਂ ਦੇ ਬੁਨਿਆਦੀ ਢਾਂਚੇ ਵਿੱਚ ਫੈਸਲਾ ਲੈਣ ਦੀ ਤਾਕਤ ਨੂੰ ਇੱਕ ਹੁਕਮਰਾਨ ਗੁੱਟ ਦੇ ਹੱਥਾਂ ਵਿੱਚ ਕੇਂਦਰਤ ਕਰ ਦਿੱਤਾ ਗਿਆ ਹੈ। ਇਸ ਗੁੱਟ ਦੀ ਅਗਵਾਈ ਪ੍ਰਧਾਨ ਮੰਤਰੀ ਕਰਦਾ ਹੈ ਅਤੇ ਉਸਨੂੰ ਬੁਰਜੁਆਜ਼ੀ ਦੀ ਹੁਕਮਰਾਨ ਪਾਰਟੀ ਜਾਂ ਗਠਜੋੜ ਨਾਮਜ਼ਦ ਕਰਦਾ ਹੈ।

ਮਜ਼ਦੂਰ ਵਰਗ ਨੂੰ ਇਹ ਪ੍ਰਬੰਧ ਬਦਲਕੇ ਰਾਜ-ਸੱਤਾ ਦਾ ਇਕ ਨਵਾਂ ਢਾਂਚਾ ਬਣਾਉਣ ਲਈ ਲੜਨਾ ਪਵੇਗਾ। ਇਹ ਢਾਂਚਾ ਲੋਕਤੰਤਰਿਕ ਕੇਂਦਰਵਾਦ ਉੱਤੇ ਅਧਾਰਤ ਹੋਵੇਗਾ। ਕਾਰਜਪਾਲਕਾ ਨੂੰ ਵਿਧਾਨ ਪਾਲਕਾ ਦੇ ਅਧੀਨ ਹੋਣਾ ਪਵੇਗਾ ਅਤੇ ਵਿਧਾਨ ਪਾਲਕਾ ਨੂੰ ਪੂਰੀ ਜਨਤਾ ਦੇ ਅਧੀਨ ਹੋਣਾ ਪਵੇਗਾ।

ਹੁਕਮਰਾਨ ਗਠਜੋੜ ਅਤੇ ਪਾਰਲੀਮਾਨੀ ਵਿਰੋਧੀ ਪਾਰਟੀਆਂ ਯਾਨੀ ਕਿ ਬੁਰਜ਼ੁਆਜ਼ੀ ਦਾਅਵਾ ਕਰਦੀ ਹੈ ਕਿ ਹਿੰਦੋਸਤਾਨੀ ਲੋਕਤੰਤਰ ਅਤੇ ਉਸਦੀ ਰਾਜਨੀਤਕ ਪ੍ਰਕਿਰਿਆ ਨੂੰ ਸੁਧਾਰਨਾ ਜ਼ਰੂਰੀ ਹੈ ਪ੍ਰੰਤੂ 1950 ਦੇ ਸੰਵਿਧਾਨ ਦੇ "ਬੁਨਿਆਦੀ ਢਾਂਚੇ" ਨੂੰ ਵਿਗਾੜੇ ਬਿਨਾਂ, ਮੌਜੂਦਾ ਢਾਂਚੇ ਦੇ ਅੰਦਰ ਰਹਿ ਕੇ ਹੀ। ਯਾਨੀ ਉਹ ਵਰਤਮਾਨ ਰਾਜ ਅਤੇ ਰਾਜਨੀਤਕ ਪ੍ਰਕਿਰਿਆ ਨੂੰ ਕਾਇਮ ਰੱਖਣਾ ਚਾਹੁੰਦੇ ਹਨ ਜਿਸ ਵਿੱਚ ਮਜ਼ਦੂਰ ਕਿਸਾਨ ਨੂੰ ਰਾਜ ਸੱਤਾ ਤੋਂ ਦੂਰ ਰੱਖਿਆ ਜਾਂਦਾ ਹੈ।

ਵਰਤਮਾਨ ਰਾਜ ਅਤੇ ਪ੍ਰਤੀਨਿਧਤਾ ਵਾਲੇ ਲੋਕਤੰਤਰ ਦੀ ਰਾਜਨੀਤਕ ਪ੍ਰਕਿਰਿਆ ਨੂੰ ਕਾਇਮ ਰੱਖਣ ਦਾ ਮਜ਼ਦੂਰਾਂ-ਕਿਸਾਨਾਂ ਨੂੰ ਕੋਈ ਲਾਭ ਨਹੀਂ ਹੈ। ਉਹਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਰਾਜ ਅਤੇ ਰਾਜਨੀਤਕ ਪ੍ਰਕਿਰਿਆ ਨੂੰ ਨੀਹਾਂ ਤੋਂ ਲੈ ਕੇ ਉੱਪਰ ਤੱਕ ਪੂਰੀ ਤਰ੍ਹਾਂ ਬਦਲਣਾ ਪਵੇਗਾ, ਨਵਾਂ ਰੂਪ ਦੇਣਾ ਪਵੇਗਾ। ਵਰਤਮਾਨ ਹਿੰਦੋਸਤਾਨੀ ਸਮਾਜ ਦੀਆਂ ਉਤਪਾਦਕ ਸ਼ਕਤੀਆਂ, ਮਜ਼ਦੂਰਾਂ, ਕਿਸਾਨਾਂ, ਔਰਤਾਂ ਅਤੇ ਜਵਾਨਾਂ ਨੂੰ ਬਸਤੀਵਾਦੀ ਅਤੇ ਫ਼ਿਰਕੂ ਨੀਹਾਂ ਦੀ ਥਾਂ ਆਧੁਨਿਕ ਨੀਹਾਂ ਚਿਣਨੀਆਂ ਪੈਣਗੀਆਂ। ਇਸ ਸਰਵਹਾਰਾ ਇਨਕਲਾਬ ਦੇ ਨਿਸ਼ਾਨੇ ਨੂੰ ਹਾਸਲ ਕਰਨ ਲਈ ਫੌਰੀ ਕੰਮ ਹੈ, ਹਿੰਦੋਸਤਾਨ ਦੇ ਲੋਕਤੰਤਰਿਕ ਨਵ-ਨਿਰਮਾਣ ਦੇ ਕਾਰਜ ਦੇ ਇਰਦ-ਗਿਰਦ ਸਿਆਸੀ ਅਤੇ ਸਮਾਜਕ ਤਾਕਤਾਂ ਦਾ ਗਠਜੋੜ ਬਣਾਉਣਾ, ਬੁਰਜੁਆਜ਼ੀ ਤੋਂ ਬਿਨਾਂ ਅਤੇ ਬੁਰਜ਼ੁਆਜ਼ੀ ਦੇ ਖਿਲਾਫ਼।

*ਸਾਥੀਓ,*

ਪ੍ਰਾਚੀਨ ਭਾਰਤੀ ਚਿੰਤਨ ਦੇ ਵਾਰਸ ਹੋਣ ਦਾ ਦਾਅਵਾ ਕਰਨ ਵਾਲੇ ਭਾਜਪਾ ਨੇਤਾ ਆਖਦੇ ਹਨ ਕਿ ਹਿੰਦੋਸਤਾਨੀ ਕਦਰਾਂ-ਕੀਮਤਾਂ ਮਿਹਨਤਕਸ਼ ਜਨਤਾ ਦੇ ਦੇਸ਼ ਪ੍ਰਤੀ ਫ਼ਰਜ਼ਾਂ ਦੀ ਹੀ ਗੱਲ ਕਰਦੀਆਂ ਹਨ। ਇਸ ਤਰਕ ਅਨੁਸਾਰ ਮਜ਼ਦੂਰਾਂ-ਕਿਸਾਨਾਂ ਦੇ ਆਪਣੇ ਹੱਕਾਂ ਲਈ ਕੀਤੇ ਜਾਣ ਵਾਲੇ ਸਭ ਸੰਘਰਸ਼ ਹਿੰਦੋਸਤਾਨੀ ਕਦਰਾਂ-ਕੀਮਤਾਂ ਦੇ ਖਿਲਾਫ ਹਨ, ਹਿੰਦੋਸਤਾਨੀ ਰਾਜ ਦੇ ਕਾਲੇ ਕਾਨੂੰਨਾਂ ਅਨੁਸਾਰ ਇਹ ਗੈਰ ਕਾਨੂੰਨੀ ਤਾਂ ਹਨ ਹੀ। ਦੂਸਰੇ ਪਾਸੇ ਪੂੰਜੀਵਾਦੀ ਨਿੱਜੀ ਜਾਇਦਾਦ ਦਾ ਹੱਕ, ਦੂਸਰਿਆਂ ਦਾ ਸ਼ੋਸ਼ਣ ਕਰਕੇ ਪੂੰਜੀ ਇਕੱਠੀ ਕਰਨ ਦਾ ਹੱਕ ਆਦਿ ਨੂੰ ਮਾਨਤਾ ਦੇਣ ਵਿੱਚ ਕਾਂਗਰਸ ਜਾਂ ਭਾਜਪਾ ਨੂੰ ਕੋਈ ਇਤਰਾਜ਼ ਨਹੀਂ ਹੈ। ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਯੂਰਪ-ਕੇਂਦਰਤ ਕਦਰਾਂ-ਕੀਮਤਾਂ ਨੂੰ ਮਾਨਤਾ ਦੇਣ ਵਿੱਚ ਇਹਨਾਂ ਨੂੰ ਕੋਈ ਉਜਰ ਨਹੀਂ ਹੈ। ਸਿੱਖਿਆ ਅਤੇ ਸਿਹਤ ਸੇਵਾ ਮੁਫ਼ਤ ਹੋਣ ਜਿਹੀਆਂ, ਇਤਿਹਾਸਕ ਪ੍ਰਕਿਰਿਆ 'ਚੋਂ ਨਿਕਲੀਆਂ ਹਿੰਦੋਸਤਾਨੀ ਕਦਰਾਂ-ਕੀਮਤਾਂ ਨੂੰ ਕੁਚਲ ਦੇਣ ਵਿੱਚ ਇਹਨਾਂ ਨੂੰ ਕੋਈ ਤਕਲੀਫ਼ ਨਹੀਂ ਹੁੰਦੀ।

ਹਿੰਦੋਸਤਾਨੀ ਫਲਸਫ਼ੇ ਜਾਂ ਦਰਸ਼ਨ–ਸ਼ਾਸਤਰ ਅਨੁਸਾਰ ਅਧਿਕਾਰ ਅਤੇ ਫਰਜ਼ ਦਾ ਆਪਸ ਵਿੱਚ ਨਜ਼ਦੀਕੀ ਸੰਬੰਧ ਹੈ। ਇੱਕ ਤੋਂ ਬਿਨਾਂ ਦੂਸਰੇ ਦੀ ਹੋਂਦ ਸੰਭਵ ਨਹੀਂ ਹੈ। ਇਸ ਦੇ ਨਾਲ ਹੀ, ਸਿਰਫ਼ ਸਮਾਜ ਦੇ ਪ੍ਰਸੰਗ ਵਿੱਚ ਹੀ ਅਧਿਕਾਰ ਅਤੇ ਫ਼ਰਜ਼ ਬਾਰੇ ਸੋਚਿਆ ਜਾ ਸਕਦਾ ਹੈ, ਹਵਾ ਵਿੱਚ ਨਹੀਂ। ਇਸ ਲਈ ਅਧਿਕਾਰ ਅਤੇ ਫਰਜ਼ ਸਿਰਫ਼ ਕਿਸੇ ਵਿਅਕਤੀ ਦੇ ਅਧਿਕਾਰ ਅਤੇ ਫਰਜ਼ ਨਹੀਂ ਹੁੰਦੇ ਸਗੋਂ ਵਿਅਕਤੀ ਦੇ ਸਮਾਜ ਵਿੱਚ ਅਧਿਕਾਰ ਅਤੇ ਫਰਜ਼ ਹੁੰਦੇ ਹਨ।

"ਪ੍ਰਜਾ" ਸ਼ਬਦ ਦਾ ਅਰਥ ਹੈ, ਉਹ ਜੋ ਰਾਜਾ ਨੂੰ ਜਨਮ ਦਿੰਦੀ ਹੈ। ਇਹ ਰਿਗਵੇਦ ਅਤੇ ਯਜੁਰਵੇਦ ਵਿੱਚ ਦਿੱਤੇ ਗਏ ਰਾਜਨੀਤਕ ਸਿਧਾਂਤ ਦੇ ਵਿਚਾਰਾਂ ਦੇ ਅਨੁਸਾਰ ਹੀ ਹੈ। ਪ੍ਰਾਚੀਨ ਵੇਦਾਂ ਅਨੁਸਾਰ, ਸਭਾ ਜਾਂ ਜਨਤਾ ਦੀ ਆਮ ਸਭਾ ਹੀ ਫੈਸਲਾ ਕਰਦੀ ਸੀ ਕਿ ਕੌਣ ਰਾਜਾ ਬਣੇਗਾ। ਰਾਜਾ ਦਾ ਅਧਿਕਾਰ ਅਤੇ ਫ਼ਰਜ਼ ਆਪਣੀ ਪ੍ਰਜਾ ਦੀਆਂ ਲੋੜਾਂ ਪੂਰੀਆਂ ਕਰਨਾ ਮੰਨਿਆਂ ਜਾਂਦਾ ਸੀ। ਜੇ ਰਾਜਾ ਆਪਣੇ ਇਸ ਫ਼ਰਜ਼ ਨੂੰ ਪੂਰਾ ਕਰਨ ਵਿੱਚ ਅਸਮਰਥ ਸਮਝਿਆ ਜਾਂਦਾ ਤਾਂ ਉਹ ਰਾਜ ਕਰਨ ਦਾ ਆਪਣਾ ਅਧਿਕਾਰ ਗਵਾ ਦਿੰਦਾ ਸੀ।

ਜਦੋਂ ਸਮਾਜ ਵਿੱਚ ਜਮਾਤੀ ਵੰਡੀਆਂ ਮਜ਼ਬੂਤ ਹੋ ਗਈਆਂ ਤਾਂ ਲੋਕਾਂ ਦਾ ਆਪਣਾ ਰਾਜਾ ਚੁਣਨ ਦਾ ਅਧਿਕਾਰ ਖੋਹ ਲਿਆ ਗਿਆ। ਪਿਛਲੇ ਸਮੇਂ ਦਾ, ਆਪਣੇ ਅਜਿਹੇ ਰਾਜੇ ਨੂੰ ਬਦਲਣ ਦਾ ਅਧਿਕਾਰ ਜੋ ਲੋਕਾਂ ਦੀ ਸੁਰੱਖਿਆ ਨਹੀਂ ਕਰ ਸਕਦਾ, ਰੱਖ ਲਿਆ ਗਿਆ ਤਾਂ ਕਿ ਜਦੋਂ ਕਦੇ ਵੀ ਕਿਸੇ ਰਾਜੇ ਨੂੰ ਬਦਲਣ ਦੀ ਲੋੜ ਮਹਿਸੂਸ ਹੋਵੇ, ਅਜਿਹਾ ਕੀਤਾ ਜਾ ਸਕੇ। ਬੇਸ਼ੱਕ ਲੋਕਾਂ ਨੂੰ ਇਸ ਤਰ੍ਹਾਂ ਦੇ ਰਾਜੇ ਨੂੰ ਬਦਲਣ ਦਾ ਹੱਕ ਸੀ ਪਰ ਆਪਣਾ ਨਵਾਂ ਰਾਜਾ ਖੁਦ ਚੁਣਨ ਦਾ ਹੱਕ ਉਹਨਾਂ ਨੂੰ ਨਹੀਂ ਸੀ ਦਿੱਤਾ ਗਿਆ। ਇਹ ਰੱਬ ਦੀ ਮਰਜ਼ੀ ਅਨੁਸਾਰ, ਕੁਝ ਗਿਣੇ ਚੁਣੇ, ਉੱਚੀ ਕੁਲ ਦੇ ਲੋਕਾਂ ਦਾ ਹੀ ਅਧਿਕਾਰ ਮੰਨਿਆਂ ਜਾਂਦਾ ਸੀ।

ਬਰਤਾਨਵੀ ਬਸਤੀਵਾਦੀਆਂ ਨੇ ਇਹ ਵਿਚਾਰ ਫੈਲਾਇਆ ਕਿ ਹਿੰਦਸਤਾਨੀ ਉਪਮਹਾਂਦੀਪ ਦੇ ਲੋਕ ਖੁਦ ਆਪਣਾ ਪ੍ਰਸ਼ਾਸ਼ਨ ਨਹੀਂ ਚਲਾ ਸਕਦੇ ਤੇ ਉਹਨਾਂ ਨੂੰ ਆਪਣੇ ਤੋਂ ਉੱਪਰ ਬੈਠੀ ਕਿਸੇ ਤਾਕਤ ਦੀ ਲੋੜ ਹੈ ਜੋ ਉਹਨਾਂ ਦੀ ਖੁਸ਼ਹਾਲੀ ਦੀ ਦੇਖਭਾਲ ਕਰਨ ਦੇ ਯੋਗ ਹੋਵੇ। ਉਹਨਾਂ ਨੇ ਇਹ ਵਿਚਾਰ ਵੀ ਫੈਲਾਇਆ ਕਿ ਸਭ ਹਿੰਦੋਸਤਾਨੀ ਲੋਕ ਸਿਰਫ਼ ਅਧਿਆਤਮਕ ਹਨ ਅਤੇ ਵੇਦ ਜਾਂ ਹੋਰ ਪ੍ਰਾਚੀਨ ਗ੍ਰੰਥ ਸਿਰਫ਼ ਧਾਰਮਿਕ ਗ੍ਰੰਥ ਹਨ। ਉਹਨਾਂ ਕਿਹਾ ਕਿ ਬਰਤਾਨਵੀ ਲੋਕ ਨੈਤਿਕ ਤੌਰ ਤੇ ਹਿੰਦੋਸਤਾਨੀਆਂ ਤੋਂ ਉਚੇਰੇ ਹਨ, ਇਸ ਲਈ ਹਿੰਦੋਸਤਾਨੀਆਂ ਉੱਤੇ ਰਾਜ ਕਰਨਾ ਉਹਨਾਂ ਦਾ ਅਧਿਕਾਰ ਹੈ। ਇਸ ਨੂੰ 'ਗੋਰੀ ਚਮੜੀ ਵਾਲੇ ਦਾ ਬੋਝ' ਦੱਸਕੇ ਪੇਸ਼ ਕੀਤਾ ਗਿਆ। ਭਗਤੀ ਅੰਦੋਲਨ ਦੌਰਾਨ ਜੋ ਵਿਚਾਰ ਪੈਦਾ ਹੋਏ ਸਨ, ਉਹਨਾਂ ਨੂੰ ਬਰਤਾਨਵੀ ਬਸਤੀਵਾਦੀਆਂ ਨੇ ਦਬਾ ਦਿੱਤਾ। ਭਗਤੀ

ਅੰਦੋਲਨਕਾਰੀ, ਭਗਤ, ਉਸ ਸਮੇਂ ਦੇ ਉਤਪਾਦਕ ਵਰਗਾਂ ਦੇ ਨੁਮਾਇੰਦੇ ਸਨ ਜਿਹਨਾਂ ਨੇ ਨਿੱਜੀ ਜਾਇਦਾਦ ਦੇ ਅਧਾਰ ਉੱਤੇ ਨਹੀਂ ਸਗੋਂ ਉਹਨਾਂ ਦੀਆਂ ਆਪਣੀਆਂ ਜੀਵਨ-ਪ੍ਰਸਥਿਤੀਆਂ ਦੇ ਅਧਾਰ ਉੱਤੇ ਅਧਿਕਾਰ ਅਤੇ ਹੱਕ ਦਾ ਝੰਡਾ ਬੁਲੰਦ ਕੀਤਾ ਸੀ। ਉਹਨਾਂ ਨੇ ਆਪਣੇ ਜ਼ਮੀਰ ਦੇ ਅਧਿਕਾਰ ਦਾ ਝੰਡਾ ਬੁਲੰਦ ਕੀਤਾ ਸੀ। ਜਿਵੇਂ ਕਿ ਕਬੀਰ ਨੇ ਕਿਹਾ ਸੀ, *"ਸੂਰਾ ਸੋ ਪਹਿਚਾਨੀਏ ਜੋ ਲਰੈ ਦੀਨ ਕੇ ਹੇਤ, ਪੁਰਜ਼ਾ-ਪੁਰਜ਼ਾ ਕਟ ਮਰੇ, ਕਬਹੂੰ ਨਾ ਛਾਡੇ ਖੇਤ।"*

1857 ਦੀ ਅਜ਼ਾਦੀ ਦੀ ਪਹਿਲੀ ਲੜਾਈ ਦੇ ਇੱਕ ਨੇਤਾ ਬਹਾਦਰ ਸ਼ਾਹ ਜ਼ਫਰ ਨੇ ਇਹ ਐਲਾਨ ਕੀਤਾ ਸੀ ਕਿ ਜਦੋਂ ਬਰਤਾਨਵੀ ਹੁਕਮਰਾਨਾਂ ਨੂੰ ਹਰਾ ਦਿੱਤਾ ਜਾਵੇਗਾ ਹਿੰਦੋਸਤਾਨ ਦੀ ਜਨਤਾ ਦੇ ਹੱਥ ਵਿੱਚ ਪ੍ਰਭੂਸੱਤਾ ਹੋਵੇਗੀ, ਜਨਤਾ ਖੁਦ ਇਹ ਫੈਸਲਾ ਕਰੇਗੀ ਕਿ ਉਹਨਾਂ ਦਾ ਹੁਕਮਰਾਨ ਕੌਣ ਹੋਵੇਗਾ। ਇਸ ਤਰ੍ਹਾਂ ਦਾ ਵਿਚਾਰ ਪ੍ਰਗਟਾਉਣ ਦੀ ਜੁਅਰਤ ਕਰਨ ਬਦਲੇ ਬਸਤੀਵਾਦੀਆਂ ਨੇ ਉਸਨੂੰ ਕੈਦ ਵਿੱਚ ਸੁੱਟ ਦਿੱਤਾ ਅਤੇ ਫਿਰ ਮਾਰ ਦਿੱਤਾ।

ਹਿੰਦੋਸਤਾਨੀ ਸਮਾਜ ਦਾ ਇਤਿਹਾਸ ਅਧਿਕਾਰਾਂ ਅਤੇ ਫਰਜ਼ਾਂ, ਪ੍ਰਭੂਸੱਤਾ ਆਦਿ ਬਾਰੇ ਵਿਰੋਧੀ ਵਿਚਾਰਾਂ ਦਰਮਿਆਨ ਇੱਕ ਲੰਬੇ ਸੰਘਰਸ਼ ਨੂੰ ਦਰਸਾਉਂਦਾ ਹੈ। ਅੱਜ ਜੋ ਵੀ ਸਮਾਜ ਦੇ ਵਿਕਾਸ ਦੇ ਰਾਹ ਉੱਤੇ ਚੱਲਣਾ ਚਾਹੁੰਦਾ ਹੈ, ਉਸਨੂੰ ਬੀਤੇ ਇਤਿਹਾਸ ਵਿੱਚੋਂ ਉਹਨਾਂ ਵਿਚਾਰਾਂ ਨੂੰ ਅੱਗੇ ਲਿਆਉਣਾ ਪਵੇਗਾ ਜੋ ਸਭ ਤੋਂ ਸ਼ੁੱਧ ਹਨ। ਇਸ ਤਰ੍ਹਾਂ ਦੇ ਵਿਚਾਰ ਕਿ ਜਨਤਾ ਦੇ ਹੱਥ ਵਿੱਚ ਹੀ ਪ੍ਰਭੂਸੱਤਾ ਹੋਣੀ ਚਾਹੀਦੀ ਹੈ, ਕਿ ਸਭ ਰਾਜਨੀਤਕ ਸੰਸਥਾਵਾਂ ਜਨਤਾ ਦੇ ਅਧੀਨ ਹੋਣੀਆਂ ਚਾਹੀਦੀਆਂ ਹਨ। ਜੋ ਲੋਕ ਵਿਕਾਸ ਦਾ ਰਸਤਾ ਰੋਕਣ ਲਈ ਅਤੀਤ ਵਿਚੋਂ ਸਭ ਤੋਂ ਪੱਛੜੇ ਵਿਚਾਰ ਗ੍ਰਹਿਣ ਕਰਦੇ ਹਨ, ਉਹਨਾਂ ਦਾ ਡਟਕੇ ਮੁਕਾਬਲਾ ਅਤੇ ਵਿਰੋਧ ਕਰਨਾ ਪਵੇਗਾ।

ਸਾਡੇ ਲੋਕਾਂ ਨੇ ਸਦੀਆਂ ਤੋਂ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਦੇ ਖਿਲਾਫ਼ ਜੋ ਸੰਘਰਸ਼ ਕੀਤਾ ਹੈ, ਉਸਨੇ ਉਹਨਾਂ ਅੰਦਰ ਇਨਕਲਾਬ ਦੀ ਗਹਿਰੀ ਤਾਂਘ ਪੈਦਾ ਕਰ ਦਿੱਤੀ ਹੈ। ਅੱਜ ਹਿੰਦੋਸਤਾਨੀ ਕਮਿਊਨਿਸਟਾਂ ਨੂੰ ਇਸ ਇਨਕਲਾਬੀ ਹਿੰਦੋਸਤਾਨੀ ਪਰੰਪਰਾ ਉੱਤੇ ਨਿਰਭਰ ਹੋਣਾ ਪਵੇਗਾ ਨਾ ਕਿ ਧਰਮ ਨਿਰਪੱਖਤਾ ਵਰਗੀ ਪੁਰਾਣੀ, ਵਿਦੇਸ਼ੀ ਸੋਚ ਉੱਤੇ ਤੇ ਨਾ ਹੀ ਯੂਰਪੀ ਤਰਜ਼ ਦੇ ਬੁਰਜੁਆ ਲੋਕਤੰਤਰ ਦੀਆਂ ਵਧੀਆ ਸਰਕਾਰ ਵਰਗੇ ਵੇਲਾ ਵਿਹਾ ਚੁੱਕੇ ਸਿਧਾਂਤਾਂ ਉੱਤੇ।

ਮਾਰਕਸ ਅਤੇ ਏਂਗਲਜ਼ ਨੇ 'ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ' ਲਿਖਣ ਤੋਂ ਪਹਿਲਾਂ ਜਰਮਨ ਦਰਸ਼ਨ, ਅੰਗਰੇਜ਼ੀ ਰਾਜਨੀਤਕ-ਅਰਥ ਸ਼ਾਸਤਰ ਅਤੇ ਫਰਾਂਸੀਸੀ ਸਮਾਜਵਾਦ ਦਾ ਅਧਿਐਨ ਕੀਤਾ ਸੀ। ਸਾਡੇ ਦੇਸ਼ ਦੇ ਕਮਿਊਨਿਸਟਾਂ ਨੂੰ ਸਿਰਫ਼ ਯੂਰਪ ਜਾਂ ਬਾਕੀ

ਦੁਨੀਆਂ ਦੇ ਹੀ ਨਹੀਂ, ਸਗੋਂ ਆਪਣੇ ਮਹਾਂਦੀਪ ਵਿੱਚ ਪੈਦਾ ਹੋਏ ਦਰਸ਼ਨ, ਅਰਥ-ਸ਼ਾਸਤਰ ਅਤੇ ਰਾਜਨੀਤੀ ਦੇ ਸਿਧਾਂਤਾਂ ਦਾ ਆਲੋਚਨਾਤਮਕ ਅਧਿਐਨ ਕਰਨਾ ਪਵੇਗਾ। ਲੋਕਤੰਤਰ ਦੀ ਆਧੁਨਿਕ ਹਿੰਦੋਸਤਾਨੀ ਪ੍ਰੀਭਾਸ਼ਾ ਅਤੇ ਇਨਕਲਾਬ ਦੇ ਹਿੰਦੋਸਤਾਨੀ ਸਿਧਾਂਤ ਨੂੰ ਵਿਕਸਿਤ ਕਰਨ ਲਈ ਉਹਨਾਂ ਨੂੰ ਪ੍ਰਾਚੀਨ ਕਾਲ ਤੋਂ ਅੱਜ ਤੱਕ ਦਾ ਇਹ ਅਧਿਐਨ ਕਰਨਾ ਪਵੇਗਾ।

***ਸਾਥੀਓ,***

20ਵੀਂ ਸਦੀ ਦੀ ਸ਼ੁਰੂਆਤ ਵਿਚ ਲੈਨਿਨ ਨੇ ਸਭ ਤੋਂ ਬੁਨਿਆਦੀ ਸਿੱਟਾ ਇਹ ਕੱਢਿਆ ਸੀ ਕਿ ਪੂੰਜੀਵਾਦ ਆਪਣੇ ਸਭ ਤੋਂ ਉਚੇਰੇ ਪੱਧਰ, ਸਾਮਰਾਜਵਾਦ ਤੱਕ ਪਹੁੰਚ ਗਿਆ ਹੈ ਅਤੇ ਸਾਮਰਾਜਵਾਦ ਸਰਵਹਾਰਾ ਇਨਕਲਾਬ ਦੀ ਪੂਰਵ-ਸੰਧਿਆ ਹੈ। ਅਸੀਂ ਅੱਜ ਵੀ ਸਾਮਰਾਜਵਾਦ ਅਤੇ ਸਰਵਹਾਰਾ ਇਨਕਲਾਬ ਦੇ ਯੁਗ ਵਿਚੋਂ ਲੰਘ ਰਹੇ ਹਾਂ। ਆਧੁਨਿਕ ਸਮਾਜ ਅੰਦਰ ਜੋ ਅੰਤਰ ਵਿਰੋਧ ਸਮਾਜ ਨੂੰ ਚੀਰ ਰਹੇ ਹਨ, ਉਹਨਾਂ ਦਾ ਸੁਭਾਵਕ ਅਤੇ ਤਰਕ-ਸੰਗਤ ਨਤੀਜਾ ਸਰਵਹਾਰਾ ਇਨਕਲਾਬ ਹੈ। ਇਹਨਾਂ ਅੰਤਰ-ਵਿਰੋਧਾਂ ਦਾ ਹਲ ਕੱਢਣ ਅਤੇ ਇੱਕ ਨਵਾਂ ਸਮਾਜ, ਸਮਾਜ ਦਾ ਅਗਲਾ ਪੱਧਰ, ਸਿਰਜਣ ਦਾ ਕੰਮ ਹੀ ਸਰਵਹਾਰਾ ਇਨਕਲਾਬ ਹੈ।

ਦੁੱਖ ਦੀ ਗੱਲ ਤਾਂ ਇਹ ਹੈ ਕਿ ਹਿੰਦੋਸਤਾਨ ਦੇ ਕਮਿਊਨਿਸਟ ਅੰਦੋਲਨ ਵਿੱਚ ਜੋ ਲੋਕ ਆਗੂ ਥਾਵਾਂ ਉੱਤੇ ਹਨ, ਉਹਨਾਂ ਨੇ ਮਜ਼ਦੂਰ ਵਰਗ ਨੂੰ ਇਨਕਲਾਬ ਦੇ ਸਿਧਾਂਤ ਨਾਲ ਲੈਸ ਹੋਣ ਤੋਂ ਰੋਕ ਰੱਖਿਆ ਹੈ। ਜੇ ਹਿੰਦੋਸਤਾਨੀ ਇਨਕਲਾਬ ਦੇ ਸਫ਼ਲ ਹੋਣਾ ਹੈ, ਜੇ ਹਿੰਦੋਸਤਾਨੀ ਸਮਾਜ ਨੂੰ ਅੱਗੇ ਆਉਣ ਵਾਲੇ ਬੁਰਜੁਆਜ਼ੀ ਦੇ ਨਵੇਂ-ਨਵੇਂ ਹਮਲਿਆਂ ਤੋਂ ਬਚਾਉਣਾ ਹੈ ਤਾਂ ਹਿੰਦੋਸਤਾਨ ਦੀ ਕਮਿਊਨਿਸਟ ਲਹਿਰ ਨੂੰ ਆਪਣੇ ਇਸ ਇਤਿਹਾਸ ਨਾਲੋਂ ਨਾਤਾ ਤੋੜਨਾ ਹੀ ਪਵੇਗਾ।

ਇਹ ਬੀਤਿਆ ਇਤਿਹਾਸ ਕੀ ਹੈ ਜਿਸ ਨਾਲੋਂ ਹਿੰਦੋਸਤਾਨੀ ਕਮਿਊਨਿਸਟਾਂ ਨੂੰ ਨਾਤਾ ਤੋੜਨਾ ਪਵੇਗਾ ? ਇਹ ਇਤਿਹਾਸ ਹੈ ਬੁਰਜ਼ੁਆਜ਼ੀ ਅਤੇ ਕਾਂਗਰਸ ਪਾਰਟੀ ਦੀ ਪੂਛ ਬਣਕੇ ਚੱਲਣ ਦਾ ਰਸਤਾ। ਹਿੰਦੋਸਤਾਨੀ ਦੀ ਬੁਰਜੁਆਜ਼ੀ ਵਿੱਚੋਂ ਕਿਸੇ ਪ੍ਰਗਤੀਸ਼ੀਲ ਤਬਕੇ ਦੀ ਭਾਲ ਕਰਨ, ਫਿਰ ਮਜ਼ਦੂਰ ਜਮਾਤ ਦੇ ਅੰਦੋਲਨ ਨੂੰ ਬੁਰਜੁਆਜ਼ੀ ਦੇ ਇਸ ਜਾਂ ਉਸ ਤਬਕੇ ਦੀ ਪੂਛ ਬਣਾ ਦੇਣ ਦੇ ਬੀਤੇ ਇਤਿਹਾਸ ਤੋਂ ਨਾਤਾ ਤੋੜਨਾ ਪਵੇਗਾ। ਇਹ ਪੂੰਜੀਵਾਦ ਨੂੰ ਸੁਧਾਰਨ ਦੀ ਕੋਸ਼ਿਸ਼ ਕਰਨ ਦਾ ਰਸਤਾ ਹੈ, ਪੂੰਜੀਵਾਦ ਦੀ ਕਬਰ ਪੁੱਟਣ ਦਾ ਨਹੀਂ। ਇਹ "ਰਾਸ਼ਟਰੀ ਏਕਤਾ ਅਤੇ ਅਖੰਡਤਾ" ਦੀ ਰਾਖੀ ਕਰਨ ਦੇ ਬਹਾਨੇ ਹਿੰਦੋਸਤਾਨੀ ਰਾਜ ਦੁਆਰਾ ਵੱਖ-ਵੱਖ ਕੌਮਾਂ ਦੇ ਲੋਕਾਂ ਦੇ ਦਮਨ ਨੂੰ ਮਨਜ਼ੂਰੀ ਦੇਣ ਦਾ ਰਸਤਾ ਹੈ। ਇਹ

ਹਿੰਦੋਸਤਾਨੀ ਰਾਜ ਦਾ ਸ਼ੁੱਧੀਕਰਨ ਕਰਨ ਅਤੇ ਉਸ ਨੂੰ 'ਸਰਬ ਕਲਾ ਸੰਪੂਰਨ' ਬਣਾਉਣ ਦਾ ਰਸਤਾ ਹੈ, ਇਸ ਨੂੰ ਖਤਮ ਕਰਕੇ ਮਜ਼ਦੂਰਾਂ ਕਿਸਾਨਾਂ ਦਾ ਨਵਾਂ ਰਾਜ ਸਥਾਪਤ ਕਰਨ ਦਾ ਨਹੀਂ। ਇਹ ਯੂਰਪੀ ਬੁਰਜ਼ੁਆ ਸਿਧਾਂਤਾਂ ਨੂੰ ਰਟਦੇ ਰਹਿਣ ਦਾ ਰਸਤਾ ਹੈ ਅਤੇ ਹਿੰਦੋਸਤਾਨੀ ਇਨਕਲਾਬ ਦੇ ਸਿਧਾਂਤ ਨੂੰ ਵਿਕਸਿਤ ਕਰਨ ਦੇ ਕੰਮ ਦੀ ਉਪੇਖਿਆ ਦਾ ਰਸਤਾ ਹੈ।

ਹਿੰਦੋਸਤਾਨੀ ਇਨਕਲਾਬ ਦਾ ਮੁੱਖ ਰਾਜਨੀਤਕ ਕੰਮ ਇਹ ਹੈ ਕਿ ਇੱਕ ਅਜਿਹੇ ਨਵੇਂ ਰਾਜ ਦੀ ਪ੍ਰੀਭਾਸ਼ਾ ਦਿੱਤੀ ਜਾਵੇ ਅਤੇ ਉਸਦੀ ਸਥਾਪਨਾ ਕੀਤੀ ਜਾਵੇ, ਜਿਸ ਵਿੱਚ ਸਭਨਾਂ ਮਿਹਨਤਕਸ਼ਾਂ ਦਾ ਸੁੱਖ ਅਤੇ ਸੁਰੱਖਿਆ ਨਿਸ਼ਚਿਤ ਹੋਵੇਗੀ ਤੇ ਕੋਈ ਇੱਕ ਵਿਅਕਤੀ ਕਿਸੇ ਦੂਸਰੇ ਦਾ ਸ਼ੋਸ਼ਣ ਨਹੀਂ ਕਰੇਗਾ। ਅਜਿਹਾ ਰਾਜ ਸਥਾਪਤ ਕਰਨ ਅਤੇ ਉਸਦਾ ਨਿਰਮਾਣ ਕਰਨ ਦਾ ਕੰਮ ਰਾਜ ਅਤੇ ਸਮਾਜ ਦੇ ਸਭਨਾਂ ਮੈਂਬਰਾਂ ਦੇ ਅਧਿਕਾਰਾਂ ਤੇ ਫਰਜ਼ਾਂ ਦੀ ਪ੍ਰੀਭਾਸ਼ਾ ਦੇਣ ਵਾਲਾ ਨਵਾਂ ਸੰਵਿਧਾਨ ਬਣਾਉਣ ਦਾ ਕੰਮ, ਇਨਕਲਾਬੀ ਸਮੂਹਾਂ, ਮਜ਼ਦੂਰਾਂ, ਕਿਸਾਨਾਂ, ਔਰਤਾਂ, ਜਵਾਨਾਂ ਦਾ ਕੰਮ ਬਣਾਉਣਾ ਪਵੇਗਾ। ਮਜ਼ਦੂਰ ਵਰਗ ਇਸ ਕੰਮ ਵਿੱਚ ਅਗਵਾਈ ਕਰੇਗਾ। ਕਮਿਊਨਿਸਟਾਂ ਦਾ ਕੰਮ ਹੈ ਮਜ਼ਦੂਰ ਵਰਗ ਨੂੰ ਅਗਵਾਈ ਦੇਣਾ ਤਾਂ ਕਿ ਉਹ ਇਸ ਇਤਿਹਾਸਕ ਮਹੱਤਵ ਦੇ ਕੰਮ ਵਿੱਚ ਕਾਮਯਾਬ ਹੋ ਸਕੇ।

ਜਦੋਂ ਵੀ ਅਸੀਂ ਕਮਿਊਨਿਸਟ ਹਿੰਦੋਸਤਾਨੀ ਰਾਜ ਦੇ ਅੱਜ ਦੇ ਸੰਕਟ ਦਾ ਮੁਕਾਬਲਾ ਕਰਨ ਅਤੇ ਬੁਰਜ਼ੁਆਜ਼ੀ ਦੇ ਹਮਲਿਆਂ ਦਾ ਮੁਕਾਬਲਾ ਕਰਨ ਲਈ ਦਾਅ-ਪੇਚ ਘੜਦੇ ਹਾਂ ਤਾਂ ਸਾਨੂੰ ਇਨਕਲਾਬ ਅਤੇ ਸਮਾਜਵਾਦ ਦੇ ਰਣਨੀਤਕ ਉਦੇਸ਼ ਨੂੰ ਖਿਆਲ ਵਿੱਚ ਰੱਖਣਾ ਪਵੇਗਾ। ਸਾਨੂੰ ਅਜਿਹੀਆਂ ਨੀਤੀਆਂ ਘੜਨੀਆਂ ਪੈਣਗੀਆਂ ਤਾਂ ਕਿ ਬੁਰਜੁਆ ਹਕੂਮਤ ਦੇ ਵਰਤਮਾਨ ਸੰਕਟ ਦਾ ਫਾਇਦਾ ਉਠਾ ਕੇ ਇਨਕਲਾਬ ਲਈ ਸਾਜ਼ਗਾਰ ਹਾਲਾਤ ਤਿਆਰ ਕੀਤੇ ਜਾ ਸਕਣ।

ਅੱਜ ਹਿੰਦੋਸਤਾਨੀ ਕਮਿਊਨਿਸਟਾਂ ਦਾ ਕੰਮ ਹੈ, ਮਜ਼ਦੂਰ ਵਰਗ ਦੀ ਲੜਾਕੂ ਏਕਤਾ ਕਾਇਮ ਕਰਨਾ। ਇਹ ਏਕਤਾ ਬੁਰਜ਼ੁਆਜ਼ੀ ਦੇ ਪ੍ਰੋਗਰਾਮ ਦੇ ਖਿਲਾਫ਼ ਅਤੇ ਮਜ਼ਦੂਰ ਵਰਗ ਦੇ ਆਪਣੇ ਬਦਲਵੇਂ ਪ੍ਰੋਗਰਾਮ ਦੇ ਅਧਾਰ ਉੱਤੇ ਹੋਵੇਗੀ। ਇਸ ਤਰ੍ਹਾਂ ਮਜ਼ਦੂਰ ਵਰਗ ਦੇਸ਼ ਦੀ ਰਾਜਨੀਤੀ ਵਿੱਚ ਇਕ ਅਜ਼ਾਦ ਤਾਕਤ ਵਜੋਂ ਅੱਗੇ ਆ ਸਕੇਗਾ। ਮਜ਼ਦੂਰ ਵਰਗ ਦੇ ਫੌਰੀ ਪ੍ਰੋਗਰਾਮ ਦਾ ਮਕਸਦ ਹੈ, ਪੂੰਜੀਵਾਦੀ ਹਮਲੇ ਨੂੰ ਰੋਕਣਾ ਅਤੇ ਅਰਥ-ਵਿਵਸਥਾ ਲਈ ਨਵੀਂ ਦਿਸ਼ਾ ਤੈਅ ਕਰਨਾ ਤਾਂ ਕਿ ਸਭ ਨੂੰ ਸੁੱਖ ਅਤੇ ਸੁਰੱਖਿਆ ਮਿਲ ਸਕੇ। ਰਾਜਨੀਤਕ ਪ੍ਰਕਿਰਿਆ ਦਾ ਪੂਰਾ-ਪੂਰਾ ਨਵੀਨੀਕਰਨ ਕਰਨਾ, ਤਾਂ ਕਿ ਜਨ-ਸਮੂਹ ਦੇ ਹੱਥ ਵਿੱਚ ਪ੍ਰਭੂਸੱਤਾ ਹੋਵੇ। ਹਿੰਦੋਸਤਾਨ ਦੇ ਅੰਤਰ-ਰਾਸ਼ਟਰੀ ਸੰਬੰਧਾਂ ਨੂੰ ਸਮਾਨਤਾ, ਆਪਸੀ ਹਿੱਤ

ਅਤੇ ਸਮਾਰਾਜਵਾਦ ਦੇ ਕੱਟੜ ਵਿਰੋਧ ਦੇ ਅਧਾਰ ਤੇ ਫਿਰ ਤੋਂ ਸਥਾਪਤ ਕਰਨਾ।

ਮਜ਼ਦੂਰ ਵਰਗ ਦੇ ਆਪਣੇ ਅਜ਼ਾਦ ਪ੍ਰੋਗਰਾਮ ਦੇ ਗਿਰਦ ਉਹਨਾਂ ਦੀ ਏਕਤਾ ਉਸਾਰਨ ਲਈ ਇਹ ਜ਼ਰੂਰੀ ਹੈ ਕਿ ਜਿੱਥੇ ਜਿੱਥੇ ਵੀ ਮਜ਼ਦੂਰ ਸੰਘਰਸ਼ ਕਰ ਰਹੇ ਹਨ, ਕਮਿਊਨਿਸਟ ਉੱਥੇ-ਉੱਥੇ ਪਹੁੰਚਣ ਅਤੇ ਉਹਨਾਂ ਨੂੰ ਇਨਕਲਾਬੀ ਸਿਧਾਂਤ ਅਤੇ ਰਾਜਨੀਤੀ ਨਾਲ ਲੈਸ ਕਰਨ। ਟਰੇਡ ਯੂਨੀਅਨ ਲਹਿਰ ਅਤੇ ਕਮਿਊਨਿਸਟ ਲਹਿਰ ਦਰਮਿਆਨ ਜੋ ਕੰਧ ਖੜੀ ਕਰ ਦਿੱਤੀ ਗਈ ਹੈ, ਉਸਨੂੰ ਤੋੜਨਾ ਜ਼ਰੂਰੀ ਹੈ। ਟਰੇਡ ਯੂਨੀਅਨਾਂ ਦੀਆਂ ਮੀਟਿੰਗਾਂ ਵਿਚੋਂ ਰਾਜਨੀਤਕ ਪਾਰਟੀਆਂ ਨੂੰ ਬਾਹਰ ਰੱਖਣ ਕਾਰਨ ਮਜ਼ਦੂਰਾਂ ਨੂੰ ਰਾਜਨੀਤਕ ਚਰਚਾ ਅਤੇ ਵਾਦ-ਵਿਵਾਦ ਦੇ ਮੌਕੇ ਤੋਂ ਵਾਂਝਿਆਂ ਕਰ ਦਿੱਤਾ ਜਾਂਦਾ ਹੈ। ਫਿਰ ਚੋਣਾਂ ਸਮੇਂ ਉਹਨਾਂ ਨੂੰ ਕਾਂਗਰਸ ਪਾਰਟੀ ਜਾਂ "ਧਰਮ-ਨਿਰਪੱਖ ਮੋਰਚੇ" ਨੂੰ ਵੋਟ ਪਾਉਣ ਲਈ ਕਹਿ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਮਜ਼ਦੂਰ ਵਰਗ ਦੇ ਸਭ ਤੋਂ ਸੰਗਠਿਤ ਤਬਕਿਆਂ ਨੂੰ ਵੀ ਬੁਰਜੁਆ ਰਾਜਨੀਤੀ ਨਾਲ ਬੰਨ ਕੇ ਰੱਖਿਆ ਜਾਂਦਾ ਹੈ ਅਤੇ ਇਸ ਜਾਂ ਉਸ ਪਾਰਟੀ ਜਾਂ ਗੱਠਜੋੜ ਦਾ ਵੋਟ ਬੈਂਕ ਬਣਾ ਦਿੱਤਾ ਜਾਂਦਾ ਹੈ। ਇਸ ਬੰਧਨ ਨੂੰ ਤੋੜਨਾ ਅੱਜ ਹਿੰਦੋਸਤਾਨ ਦੇ ਕਮਿਊਨਿਸਟਾਂ ਦਾ ਇੱਕ ਬਹੁਤ ਜ਼ਰੂਰੀ ਅਤੇ ਮਹੱਤਵਪੂਰਨ ਕੰਮ ਹੈ।

ਜੇ ਮਜ਼ਦੂਰ ਵਰਗ ਨੇ ਇੱਕਜੁੱਟ ਹੋ ਕੇ ਇਨਕਲਾਬ ਦੇ ਰਸਤੇ ਤੇ ਅੱਗੇ ਵਧਣਾ ਹੈ ਤਾਂ ਇਹ ਜ਼ਰੂਰੀ ਹੈ ਕਿ ਉਸਨੂੰ ਆਪਣੀ ਰਣਨੀਤਕ ਉਦੇਸ਼ ਅਤੇ ਫੌਰੀ ਪ੍ਰੋਗਰਾਮ ਸਪਸ਼ਟ ਪਤਾ ਹੋਵੇ ਅਤੇ ਹਿੰਦੋਸਤਾਨੀ ਰਾਜ ਦੇ ਖਾਸੇ ਬਾਰੇ ਉਸਦੇ ਮਨ ਵਿੱਚ ਕੋਈ ਭਰਮ ਨਾ ਹੋਵੇ। ਮਜ਼ਦੂਰ ਵਰਗ ਦੇ ਆਪਣੇ ਅਜ਼ਾਦ ਪ੍ਰੋਗਰਾਮ ਦੇ ਗਿਰਦ ਉਸਦੀ ਲੜਾਕੂ ਏਕਤਾ ਦੀ ਕਾਇਮੀ ਲਈ ਇਹ ਜ਼ਰੂਰੀ ਹੈ ਕਿ ਬੁਰਜੁਆ ਵਰਗ ਨਾਲ ਸਮਝੌਤਾ ਕਰਨ ਵਾਲਿਆਂ ਦੇ ਖਿਲਾਫ਼ ਸਿਧਾਂਤਕ, ਵਿਚਾਰਧਾਰਕ ਅਤੇ ਰਾਜਨੀਤਕ ਸੰਘਰਸ਼ ਕੀਤਾ ਜਾਵੇ। ਇਸ ਸੰਘਰਸ਼ ਰਾਹੀਂ ਹੀ ਹਿੰਦੋਸਤਾਨੀ ਕਮਿਊਨਿਸਟਾਂ ਦੀ ਏਕਤਾ ਨੂੰ ਇੱਕ ਹੀ ਪਾਰਟੀ ਵਿੱਚ ਫਿਰ ਤੋਂ ਕਾਇਮ ਕਰਨ ਦਾ ਰਾਹ ਖੁੱਲੇਗਾ।

ਪੂੰਜੀਵਾਦ ਦਾ ਘੋਰ ਸੰਕਟ, ਬੁਰਜ਼ੁਆਜ਼ੀ ਦੇ ਫਾਸ਼ੀਵਾਦੀ ਹਮਲੇ ਤੇ ਸਾਮਰਾਜਵਾਦੀ ਮਨਸੂਬੇ, ਮਜ਼ਦੂਰਾਂ, ਕਿਸਾਨਾਂ, ਕੁਝ ਵੱਡੇ ਕਿਸਾਨਾਂ ਅਤੇ ਜਾਇਦਾਦ ਦੀ ਮਾਲਕੀ ਵਾਲੇ ਕੁਝ ਵਰਗਾਂ ਵਿੱਚ ਵੱਡੇ ਪੱਧਰ ਉਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਰਹੇ ਹਨ। ਮਜ਼ਦੂਰ ਵਰਗ ਨੂੰ ਇਸ ਮੌਕੇ ਦਾ ਫਾਇਦਾ ਉਠਾ ਕੇ, ਬੁਰਜ਼ੁਆਜ਼ੀ ਦੇ ਹਮਲਿਆਂ ਖਿਲਾਫ਼ ਇਕ ਵਿਆਪਕ ਰਾਜਨੀਤਕ ਮੋਰਚਾ ਬਣਾਉਣਾ ਪਵੇਗਾ। ਮਜ਼ਦੂਰ ਵਰਗ ਨੂੰ ਕਿਸਾਨਾਂ, ਪੀੜਤ ਕੌਮਾਂ, ਆਦਿਵਾਸੀਆਂ, ਸ਼ੋਸ਼ਿਤ-ਪੀੜਤ ਜਾਤੀਆਂ, ਘੱਟ ਗਿਣਤੀਆਂ, ਔਰਤਾਂ ਅਤੇ ਨੌਜਵਾਨਾਂ ਨਾਲ ਏਕਤਾ ਉਸਾਰਨੀ ਪਵੇਗੀ। ਹਿੰਦੋਸਤਾਨ ਦੇ ਲੋਕਤੰਤਰਿਕ ਨਵੀਨੀਕਰਨ ਦੇ ਪ੍ਰੋਗਰਾਮ ਦੇ ਅਧਾਰ ਉੱਤੇ ਏਕਤਾ ਉਸਾਰਨੀ ਪਵੇਗੀ।

*ਸਾਥੀਓ,*

ਦਸੰਬਰ 2000 ਦੀ ਕਾਨਪੁਰ ਕਮਿਊਨਿਸਟ ਕਾਨਫਰੰਸ ਵਿਚ ਇਹ ਨਾਰਾ ਦਿੱਤਾ ਗਿਆ ਸੀ "ਇੱਕ ਮਜ਼ਦੂਰ ਵਰਗ, ਇਕ ਪ੍ਰੋਗਰਾਮ, ਇੱਕ ਕਮਿਊਨਿਸਟ ਪਾਰਟੀ।" ਮਜ਼ਦੂਰ ਵਰਗ ਅਤੇ ਉਸਦੀ ਕਮਿਊਨਿਸਟ ਪਾਰਟੀ ਦੀ ਏਕਤਾ ਕਾਇਮ ਕਰਨ ਲਈ ਇੱਕ ਜ਼ਰੂਰੀ ਸ਼ਰਤ ਇਹ ਹੈ ਕਿ ਕਮਿਊਨਿਸਟ ਲਹਿਰ ਦੇ ਰਸਤੇ ਵਿੱਚ ਜੋ ਵੀ ਅੰਦਰੂਨੀ ਰੁਕਾਵਟਾਂ ਹਨ, ਉਹਨਾਂ ਖਿਲਾਫ਼ ਡਟਕੇ, ਬੇਕਿਰਕ ਸੰਘਰਸ਼ ਕੀਤਾ ਜਾਵੇ।

ਜਦੋਂ ਇਨਕਲਾਬ ਦੇ ਕਾਜ ਨੂੰ ਭਾਰੀ ਨੁਕਸਾਨ ਪਹੁੰਚਾਇਆ ਜਾ ਰਿਹਾ ਹੋਵੇ ਤਾਂ ਕਮਿਊਨਿਸਟ ਚੁੱਪ ਨਹੀਂ ਬੈਠ ਸਕਦੇ। ਅਜਿਹਾ ਨਹੀਂ ਹੋ ਸਕਦਾ ਕਿ ਅਸੀਂ ਚੁੱਪਚਾਪ ਬੈਠੇ ਦੇਖਦੇ ਰਹੀਏ ਤੇ ਆਪਣੇ ਆਪ ਨੂੰ ਕਮਿਊਨਿਸਟ ਕਹਾਉਣ ਵਾਲੇ ਕੁਝ ਲੋਕ ਪੂੰਜੀਵਾਦੀ ਪ੍ਰਬੰਧ ਅਤੇ ਬੁਰਜੂਆ ਰਾਜ ਦਾ ਬਚਾਅ ਕਰਦੇ ਫਿਰਨ ਅਤੇ ਮਜ਼ਦੂਰਾਂ ਨੂੰ "ਆਪਣੀ" ਬੁਰਜ਼ੁਆਜ਼ੀ ਤੇ ਉਹਨਾਂ ਦੇ ਸਾਮਰਾਜਵਾਦੀ ਮਨਸੂਬਿਆਂ ਦੀ ਪੂਛ ਬਣਾ ਛੱਡਣ। ਸਾਨੂੰ ਮਜ਼ਦੂਰ ਲਹਿਰ ਦੇ ਸਭਨਾਂ ਕਾਰਜ-ਕਰਤਾਵਾਂ, ਸਭਨਾਂ ਕਮਿਊਨਿਸਟਾਂ ਸਾਹਮਣੇ ਡਟਕੇ ਆਪਣੀ ਗੱਲ ਰੱਖਣੀ ਚਾਹੀਦੀ ਹੈ। ਇਨਕਲਾਬ ਅਤੇ ਕਮਿਊਨਿਜ਼ਮ ਦਾ ਨਿਸ਼ਾਨਾ ਕੁਝ ਪੰਡਿਤਾਂ ਜਾਂ ਲਹਿਰ ਦੇ ਕੁਝ "ਜਾਣੇ-ਪਛਾਣੇ ਨੇਤਾਵਾਂ" ਦੀ ਨਿੱਜੀ ਜਾਇਦਾਦ ਨਹੀਂ ਹੈ। ਇਨਕਲਾਬ ਹਿੰਦੋਸਤਾਨੀ ਦੇ ਮਜ਼ਦੂਰਾਂ, ਕਿਸਾਨਾਂ, ਔਰਤਾਂ ਅਤੇ ਨੌਜਵਾਨਾਂ ਦਾ ਜਨਮ-ਸਿੱਧ ਅਧਿਕਾਰ ਹੈ। ਇਸ ਜਨਮ-ਸਿੱਧ ਅਧਿਕਾਰ ਨੂੰ ਪ੍ਰਾਪਤ ਕਰਨ ਲਈ ਕਮਿਊਨਿਸਟਾਂ ਦਾ ਕੰਮ ਹੈ, ਮਿਹਨਤਕਸ਼ਾਂ ਅਤੇ ਸ਼ੋਸ਼ਿਤ ਪੀੜਤ ਜਨਤਾ ਨੂੰ ਪ੍ਰੇਰਿਤ ਅਤੇ ਸੰਗਠਿਤ ਕਰਨਾ।

*ਸਾਥੀਓ,*

ਅੰਤ ਵਿੱਚ ਮੈਂ ਲੋਕ ਅਵਾਜ਼ ਨੂੰ ਫਿਰ ਤੋਂ ਵਧਾਈ ਦੇਣਾ ਚਾਹੁੰਦਾ ਹਾਂ ਜਿਸਨੇ ਹਿੰਦੋਸਤਾਨੀ ਰਾਜ ਅਤੇ ਇਨਕਲਾਬ ਉੱਤੇ ਇਸ ਗੋਸ਼ਟੀ ਦਾ ਆਯੋਜਨ ਕਰ ਇੱਕ ਜ਼ਰੂਰੀ ਪਹਿਲ ਕੀਤੀ ਹੈ। ਭਾਰਤੀ ਕਮਿਊਨਿਸਟਾਂ ਦੇ ਸਾਹਮਣੇ ਅੱਜ ਇਹ ਸਭ ਤੋਂ ਜ਼ਰੂਰੀ ਮੁੱਦਾ ਹੈ ਜਿਸ ਬਾਰੇ ਅਧਿਐਨ ਕਰਕੇ ਸਾਨੂੰ ਪ੍ਰੌੜ ਹੋਣਾ ਪਵੇਗਾ। ਫਿਰ ਹੀ ਅਸੀਂ ਮਜ਼ਦੂਰ ਵਰਗ ਦੇ ਸੰਘਰਸ਼ ਨੂੰ ਅਗਵਾਈ ਦੇ ਸਕਾਂਗੇ ਤੇ ਹਿੰਦੋਸਤਾਨ ਅਤੇ ਦੁਨੀਆਂ ਵਿੱਚ ਇਨਕਲਾਬ ਦੀ ਜਿੱਤ ਲਈ ਸਾਜ਼ਗਾਰ ਹਾਲਾਤ ਤਿਆਰ ਕਰ ਸਕਾਂਗੇ।

ਅੱਜ ਤੁਹਾਡੇ ਸਾਰਿਆਂ ਦੇ ਚਿਹਰਿਆਂ ਉੱਤੇ ਏਨੀ ਉਤਸੁਕਤਾ, ਏਨਾ ਜੋਸ਼ ਦੇਖਦੇ ਹੋਏ, ਮੈਨੂੰ ਪੂਰਾ ਭਰੋਸਾ ਹੁੰਦਾ ਹੈ ਕਿ ਉਹ ਦਿਨ ਦੂਰ ਨਹੀਂ ਹੈ ਜਦੋਂ ਹਿੰਦੋਸਤਾਨ ਦਾ ਮਜ਼ਦੂਰ ਵਰਗ ਸਿਆਸੀ ਮੰਚ ਉੱਤੇ ਇੱਕ ਜ਼ੋਰਦਾਰ ਤੂਫ਼ਾਨ ਬਣਕੇ ਆਏਗਾ, ਇੱਕ ਲੜਾਕੂ ਪ੍ਰੋਗਰਾਮ ਨਾਲ ਇੱਕ ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ 'ਤੇ ਸਮੁੱਚੀ ਸ਼ੋਸ਼ਿਤ-

ਪੀੜਤ ਜਨਤਾ ਉਸਦੇ ਨਾਲ ਹੋਵੇਗੀ। ਦੁਨੀਆਂ ਦੀ ਕੋਈ ਵੀ ਤਾਕਤ ਉਸਨੂੰ ਰੋਕ ਨਹੀਂ ਸਕੇਗੀ। ਹਿੰਦੋਸਤਾਨੀ ਬੁਰਜ਼ੂਆਜ਼ੀ ਦੀ ਹਾਰ ਅਤੇ ਹਿੰਦੋਸਤਾਨੀ ਇਨਕਲਾਬ ਦੀ ਜਿੱਤ, ਦੋਵੇਂ ਲਾਜ਼ਮੀ ਹਨ। ਮਿਹਨਤਕਸ਼ਾਂ ਕੋਲ ਆਪਣੀਆਂ ਜ਼ੰਜੀਰਾਂ ਤੋਂ ਸਿਵਾ ਗਵਾਉਣ ਲਈ ਕੁਝ ਨਹੀਂ ਹੈ। ਪਰ ਸਾਡੇ ਸਾਹਮਣੇ ਜਿੱਤਣ ਲਈ ਪੂਰੀ ਦੁਨੀਆਂ ਹੈ।

*ਸਮਰਾਜਵਾਦ ਮੁਰਦਾਬਾਦ! ਫਾਸ਼ੀਵਾਦ ਮੁਰਦਾਬਾਦ!*

*ਅੱਤਵਾਦ ਵਿਰੋਧ ਦੇ ਬਹਾਨੇ ਪ੍ਰਤੀਕ੍ਰਿਆਵਾਦੀ ਜੰਗ ਮੁਰਦਾਬਾਦ!*

*ਹਿੰਦੋਸਤਾਨੀ ਰਾਜ ਦੀ ਫਿਰਕਾਪ੍ਰਸਤੀ ਅਤੇ ਧਰਮ ਨਿਰਪੱਖਤਾ ਮੁਰਦਾਬਾਦ!*

*ਸਾਡੇ ਸ਼ਹੀਦਾਂ ਦੀਆਂ ਯਾਦਾਂ ਅਤੇ ਇਨਕਲਾਬੀ ਪਰੰਪਰਾਵਾਂ ਅਮਰ ਰਹਿਣ!*

*ਸਿਰਫ਼ ਕਮਿਊਨਿਜ਼ਮ ਹੀ ਹਿੰਦੋਸਤਾਨ ਨੂੰ ਬਚਾ ਸਕਦਾ ਹੈ!*

*ਇਨਕਲਾਬ ਜ਼ਿੰਦਾਬਾਦ!*